@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 27 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 27 ਮਈ 2024, 13 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 187, qpatrika@gmail.com ਫੋਨ : 9971359517 www.qaumipatrika.org

ਜੰਮੂ ਕਸ਼ਮੀਰ 'ਚ ਜਲਦ ਹੀ ਸ਼ੁਰੂ ਕਰਾਂਗੇ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਪ੍ਰਕਿਰਿਆ

ਨਵੀਂ ਦਿੱਲੀ 26 ਮਈ। ਮੁੱਖ ਚੋਣ ਕਮਿਸ਼ਨਰ (ਸੀਈਸੀ) ਰਾਜੀਵ ਕੁਮਾਰ ਨੇ ਸ਼ਨੀਵਾਰ ਨੂੰ ਕਿਹਾ ਕਿ ਜੰਮੂ ਕਸ਼ਮੀਰ 'ਚ ਲੋਕ ਸਭਾ ਚੋਣਾਂ 'ਚ ਵੋਟਿੰਗ ਫੀਸਦੀ ਨਾਲ ਉਤਸ਼ਾਹਿਤ ਚੋਣ ਕਮਿਸ਼ਨ ਬਹੁਤ ਜਲਦ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੰਮੂ ਕਸ਼ਮੀਰ ਦੇ ਲੋਕ ਆਪਣੀ ਸਰਕਾਰ ਪਾਉਣ ਦੇ ਹੱਕਦਾਰ ਹਨ। ਜੰਮੂ ਕਸ਼ਮੀਰ ਦੀਆਂ ਵੱਖ-ਵੱਖ ਸੀਟਾਂ 'ਤੇ ਵੋਟ ਫੀਸਦੀ ਅਤੇ ਵਿਧਾਨ ਸਭਾ ਚੋਣਾਂ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ ਕੁਮਾਰ ਨੇ ਕਿਹਾ ਕਿ ਸੰਸਦੀ ਚੋਣਾਂ 'ਚ ਲੋਕਾਂ ਦੀ ਹਿੱਸੇਦਾਰੀ ਤੋਂ ਚੋਣ ਕਮਿਸ਼ਨ ਬਹੁਤ ਉਤਸ਼ਾਹਤ ਹੈ। ਉਨ੍ਹਾਂ ਕਿਹਾ,"ਲੋਕ-ਨੌਜਵਾਨ, ਔਰਤਾਂ ਖੁਸ਼ੀ-ਖੁਸ਼ੀ ਵੱਡੀ ਗਿਣਤੀ 'ਚ (ਵੋਟਿੰਗ ਲਈ) ਨਿਕਲ ਰਹੇ ਹਨ। ਲੋਕਤੰਤਰ ਦੀਆਂ ਜੜ੍ਹਾਂ ਹੋਰ ਮਜਬੂਤ ਹੋ ਰਹੀਆਂ ਹਨ, ਲੋਕ ਹਿੱਸਾ ਲੈ ਰਹੇ ਹਨ।" ਮੁੱਖ ਚੋਣ ਕਮਿਸ਼ਨ ਨੇ ਕਿਹਾ,"ਉਹ ਆਪਣੀ ਸਰਕਾਰ ਪਾਉਣ ਦੇ ਹੱਕਦਾਰ ਹਨ। ਅਸੀਂ ਬਹੁਤ ਜਲਦ ਹੀ ਉਹ ਪ੍ਰਕਿਰਿਆ ਸ਼ੁਰੂ ਕਰਨਗੇ, ਅਜਿਹਾ ਕਰਨ ਲਈ ਬਹੁਤ ਉਤਸ਼ਾਹਤ ਹਾਂ।" ਮਾਰਚ 'ਚ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰਦੇ ਹੋਏ, ਕੁਮਾਰ ਨੇ ਕਿਹਾ ਸੀ ਕਿ ਵਿਧਾਨ ਸਭਾ ਅਤੇ ਸੰਸਦੀ ਚੋਣ ਇਕੱਠੇ ਕਰਵਾਉਣਾ ਸਾਜੋ-ਸਾਮਾਨ ਅਤੇ ਸੁਰੱਖਿਆ ਕਾਰਨਾਂ ਕਰ ਕੇ ਵਿਹਾਰਕ ਨਹੀਂ ਹੈ। ਜੰਮੂ ਕਸ਼ਮੀਰ 'ਚ ਚੋਣ ਪ੍ਰਕਿਰਿਆ ਆਮ ਤੌਰ 'ਤੇ ਇਕ ਮਹੀਨੇ ਤੱਕ ਚੱਲਦੀ ਹੈ। ਹੱਦਬੰਦੀ ਦੀ ਕਵਾਇਦ ਤੋਂ ਬਾਅਦ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ (ਪੀਓਕੇ) ਨੂੰ ਅਲਾਟ ਸੀਟ ਨੂੰ ਛੱਡ ਕੇ, ਵਿਧਾਨ ਸਭਾ ਸੀਟ ਦੀ ਗਿਣਤੀ 83 ਤੋਂ ਵੱਧ ਕੇ 90 ਹੋ ਗਈ ਹੈ। ਸੁਪਰੀਮ ਕੋਰਟ ਨੇ ਦਸੰਬਰ 'ਚ ਚੋਣ ਕਮਿਸ਼ਨ ਨੂੰ 30 ਸਤੰਬਰ ਤੱਕ ਜੰਮੂ ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਕਰਵਾਉਣ ਦਾ ਨਿਰਦੇਸ਼ ਦਿੱਤਾ ਸੀ।

ਪੰਜਾਬ ਤਾਨਾਸ਼ਾਹ ਖਿਲਾਫ ਲੜੇਗਾ ਤੇ ਜਿੱਤੇਗਾ: ਕੇਜਰੀਵਾਲ

ਸਿੰਮੀ ਕੌਰ ਬੱਬਰ

ਹੁਸ਼ਿਆਰਪੁਰ 26 ਮਈ। ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪ੍ਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਹੁਸ਼ਿਆਰਪੁਰ ਵਿਚ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿਚ ਰੋਡ ਸ਼ੋਅ ਕੱਢ ਕੇ ਚੋਣ ਪ੍ਰਚਾਰ ਕੀਤਾ ਗਿਆ। ਇਸ ਦੌਰਾਨ ਅਰਵਿੰਦ ਕੇਜਰੀਵਾਲ ਵੱਲੋਂ ਜੈ ਸ਼੍ਰੀਰਾਮ ਦੇ ਜੈਕਾਰੇ ਲਗਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖੇ ਹਮਲੇ ਕੀਤੇ ਗਏ। ਉਨ੍ਹਾਂ ਕਿਹਾ ਕਿ ਮੋਦੀ ਜੀ ਆਪਣੇ ਆਪ ਨੂੰ ਭਗਵਾਨ ਤੋਂ ਵੀ ਉਪਰ ਮੰਨਣ ਲੱਗ ਗਏ ਹਨ। ਮੋਦੀ ਜੀ ਕਹਿੰਦੇ ਹਨ ਕਿ ਮੈਂ ਭਗਵਾਨ ਦਾ ਅਵਤਾਰ ਹਾਂ। ਉਨ੍ਹਾਂ ਕਿਹਾ ਕਿ ਥੋੜ੍ਹੇ ਦਿਨਾਂ ਤੱਕ ਭਾਜਪਾ ਵਾਲੇ ਮੰਦਿਰ ਵਿਚੋਂ ਮੂਰਤੀ ਹਟਾ ਕੇ ਮੋਦੀ ਦੀ ਤਸਵੀਰ ਲਗਾ ਦੇਣਗੇ। ਆਪਣੇ ਸੰਬੋਧਨ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਲ 2014 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦੇ ਸਨ ਮੈਂ ਪ੍ਰਧਾਨ ਸੇਵਕ ਹਾਂ, 2019 ਵਿਚ ਕਹਿੰਦੇ ਸਨ ਮੈਂ ਚੌਕੀਦਾਰ ਹਾਂ ਅਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਆਪ ਨੂੰ ਭਗਵਾਨ ਦਾ ਅਵਤਾਰ ਕਹਿ ਰਹੇ ਹਨ। ਉਨ੍ਹਾਂ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ

ਕਿ ਇਸ ਵਾਰ ਅਜਿਹਾ ਬਟਨ ਦਬਾਇਆ ਜਾਵੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੰਕਾਰ ਚਕਨਾਚੂਰ ਹੋ ਜਾਵੇ। ਉਨ੍ਹਾਂ ਕਿਹਾ ਕਿ ਪਤਾ ਲੱਗਾ ਹੈ ਕਿ ਭਾਜਪਾ ਵਾਲੇ 400 ਦੇ ਪਾਰ ਸੀਟਾਂ ਰਾਖਵਾਂਕਰਨ ਨੂੰ ਖਤਮ ਕਰਨ ਲਈ ਮੰਗ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਅਰਵਿੰਦ ਕੇਜਰੀਵਾਲ ਜਿੰਦਾ ਹਨ, ਕਿਸੇ ਦੀ ਹਿੰਮਤ ਨਹੀਂ ਹੈ ਕਿ ਰਾਖਵਾਂਕਰਨ ਖਤਮ ਕਰ ਦੇਵੇ। ਸਿਰਫ ਜਨਤਾ ਦਾ ਸਾਥ ਚਾਹੀਦਾ ਹੈ, ਕਿਸੇ ਵੀ ਹਾਲਾਤ ਵਿਚ ਰਾਖਵਾਂਕਰਨ ਨੂੰ ਖਤਮ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਤਾਨਾਸ਼ਾਹ ਖਿਲਾਫ ਲੜੇਗਾ ਅਤੇ ਜਿੱਤ ਹਾਸਲ ਕਰੇਗਾ। ਉਥੇ ਹੀ ਆਮ ਆਦਮੀ ਪਾਰਟੀ ਦੀ ਦਿੱਲੀ ਅਤੇ ਪੰਜਾਬ ਵਿਚ ਕੀਤੀ ਗਈ ਕਾਰਗੁਜਾਰੀ ਬਾਰੇ ਦੱਸਦੇ ਹੋਏ ਕਿਹਾ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਦਿੱਲੀ ਵਿਚ ਬਿਜਲੀ ਦੇ ਬਿੱਲ ਜੀਰੋ ਆਉਂਦੇ ਸਨ ਅਤੇ ਹੁਣ ਪੰਜਾਬ ਵਿਚ ਵੀ ਲੋਕਾਂ ਦੇ ਬਿਜਲੀ ਬਿੱਲ ਜੀਰੋ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 75 ਸਾਲਾਂ ਤੱਕ ਕਿੰਨੀਆਂ ਸਰਕਾਰਾਂ ਆਈਆਂ ਹਨ ਪਰ ਕਿਸੇ ਨੇ ਵੀ ਇੰਨੀਆਂ ਸਹੂਲਤਾਂ ਨਹੀਂ ਦਿੱਤੀਆਂ ਹਨ, ਜਿੰਨੀਆਂ ਸਾਡੀ ਸਰਕਾਰ ਨੇ ਦੋ ਸਾਲ ਵਿਚ ਸਹੂਲਤਾਂ ਦਿੱਤੀਆਂ ਹਨ। ਇਹ ਚੋਣਾਂ ਕੇਂਦਰ ਵਿਚ ਸਰਕਾਰ ਬਣਾਉਣ ਦੀ ਚੋਣ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਵਿਚ ਵੀ ਪੰਜਾਬ ਦੀ ਜਨਤਾ 13 ਸੀਟਾਂ ਕੇ ਸਾਡੇ ਹੱਥ ਮਜਬੂਤ ਕਰ ਦੇਵੇ। ਮੋਦੀ ਸਰਕਾਰ ਨੇ ਤਾਨਾਸ਼ਾਹੀ ਕਰਕੇ ਪੰਜਾਬ ਦੇ ਸਾਢੇ 8 ਹਜਾਰ ਕਰੋੜ ਰੋਕ ਰੱਖੇ ਹਨ।

ਕਾਂਗਰਸ ਦਾ ਇਤਿਹਾਸ ਪਤਾ ਲੱਗੇਗਾ ਤਾਂ ਨਵੀਂ ਪੀੜ੍ਹੀ ਭਾਜਪਾ ਨੂੰ ਵੋਟ ਨਹੀਂ ਦੇਵੇਗੀ

ਨੈਸ਼ਨਲ ਡੈਸਕ 26 ਮਈ। ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਭਾਜਪਾ ਵੱਲੋਂ ਛੋਟੀਆਂ ਪਾਰਟੀਆਂ ਨਾਲ ਗੱਲਬਾਤ ਕਰਨ ਦੇ ਪਲਾਨ 'ਤੇ ਵੀ ਆਪਣੀ ਗੱਲ ਰੱਖੀ। ਨਾਨਾ ਪਟੋਲੇ ਕੋਲੋਂ ਪ੍ਰਧਾਨ ਮੰਤਰੀ ਦੇ ਇਕ ਬਿਆਨ 'ਤੇ ਸਵਾਲ ਪੁੱਛਿਆ ਗਿਆ, ਜਿਸ 'ਚ ਪੀ. ਐੱਮ. ਮੋਦੀ ਨੇ ਕਿਹਾ ਸੀ ਕਿ ਉਹ ਲਾਹੌਰ ਜਾ ਕੇ ਪਾਕਿਸਤਾਨ ਦੀ ਤਾਕਤ ਨੂੰ ਚੈੱਕ ਕਰ ਚੁੱਕੇ ਹਨ। ਇਸ ਦੇ ਜਵਾਬ 'ਚ ਨਾਨਾ ਪਟੋਲੇ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਧਰਾ ਗਾਂਧੀ ਨੇ ਪਾਕਿਸਤਾਨ ਦੇ ਦੋ ਟੁਕੜੇ ਕੀਤੇ ਸਨ। ਪਾਕਿਸਤਾਨ ਦੇ ਲਾਹੌਰ ਜਾ ਕੇ ਇੰਧਰਾ ਗਾਂਧੀ ਨੇ ਪਾਕਿਸਤਾਨ ਨੂੰ ਧਮਕਾਇਆ ਅਤੇ ਉਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਹੌਰ ਖੀਰ ਅਤੇ ਬਿਰਆਨੀ ਖਾਣ ਗਏ ਸਨ। ਪੀ. ਐੱਮ. ਮੋਦੀ ਬਿਰਆਨੀ ਖਾਂਦੇ ਹਨ ਕਿ ਨਹੀਂ ਖਾਂਦੇ ਇਹ ਨਹੀਂ ਪਤਾ ਪਰ ਉਹ ਖੀਰ ਖਾਂਦੇ ਹਨ। ਨਾਨਾ ਪਟੋਲੇ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਚੀਨ ਤੋਂ ਸਾਡੀਆਂ ਸਰਹੱਦਾਂ ਨੂੰ ਮੁਕਤ ਕਰਵਾਉਣ। ਚੀਨ ਨੇ ਸਾਡੀਆਂ ਸਰਹੱਦਾਂ 'ਤੇ ਕਬਜਾ ਕਰ ਕੇ ਰੱਖਿਆ ਹੋਇਆ ਹੈ।

ਓਡਿਸ਼ਾ ਚੋਣਾਂ 'ਚ ਪੀ. ਐੱਮ. ਮੋਦੀ ਅਤੇ ਸੀ. ਐੱਮ. ਪਟਨਾਇਕ ਦੀ ਲੋਕਪ੍ਰਿਅਤਾ ਦੀ ਪ੍ਰੀਖਿਆ

ਏਜੰਸੀਆਂ

ਨੈਸ਼ਨਲ ਡੈਸਕ 26 ਮਈ। ਓਡਿਸ਼ਾ 'ਚ ਸ਼ਨੀਵਾਰ ਨੂੰ ਤੀਜੇ ਪੜਾਅ ਦੀ ਵੋਟਿੰਗ 'ਚ ਲੋਕ ਸਭਾ ਦੀਆਂ 6 ਅਤੇ 42 ਵਿਧਾਨ ਸਭਾ ਸੀਟਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੂਬੇ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਲੋਕਪ੍ਰਿਅਤਾ ਦੀ ਪ੍ਰੀਖਿਆ ਹੋਵੇਗੀ। ਸਾਲ 2019 ਦੀਆਂ ਆਮ ਚੋਣਾਂ 'ਚ ਸੱਤਾਧਾਰੀ ਬੀਜੂ ਜਨਤਾ ਦਲ (ਬੀਜਦ) ਨੇ 6 'ਚੋਂ 4 ਲੋਕ ਸਭਾ ਅਤੇ 34 ਵਿਧਾਨ ਸਭਾ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਭਾਜਪਾ ਦੇ ਖਾਤੇ 'ਚ 2 ਲੋਕ ਸਭਾ ਅਤੇ 6 ਵਿਧਾਨ ਸਭਾ ਸੀਟਾਂ ਗਈਆਂ, ਜਦੋਂਕਿ ਕਾਂਗਰਸ ਨੂੰ ਵਿਧਾਨ ਸਭਾ ਦੀਆਂ 2 ਸੀਟਾਂ ਨਾਲ ਹੀ ਸੰਤੋਸ਼ ਕਰਨਾ ਪਿਆ। ਓਡਿਸ਼ਾ 'ਚ ਤੀਜੇ ਪੜਾਅ ਦੀਆਂ ਚੋਣਾਂ ਲਈ ਪੀ. ਐੱਮ. ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇ. ਪੀ. ਨੱਡਾ ਅਤੇ ਆਸਾਮ, ਛੱਤੀਸਗੜ੍ਹ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀਆਂ ਸਮੇਤ 12 ਤੋਂ ਜਿਆਦਾ ਭਾਜਪਾ ਸਟਾਰ ਪ੍ਰਚਾਰਕਾਂ ਦੇ ਨਾਲ ਇਕ ਹਾਈ-ਪ੍ਰੋਫਾਈਲ ਮੁਹਿੰਮ ਦੇਖੀ ਗਈ ਹੈ। 'ਡਬਲ ਇੰਜਣ ਸਰਕਾਰ' ਅਤੇ 'ਓਡਿਸ਼ਾ ਗੌਰਵ' ਦੇ ਆਪਣੇ ਨਾਅਰੇ ਦੇ ਨਾਲ ਭਾਜਪਾ ਦਾ ਟੀਚਾ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਤੱਟੀ ਜਿਲਿਆਂ 'ਚ ਪੈਠ ਬਣਾਉਣਾ ਹੈ, ਜੋ ਪਿਛਲੇ 2 ਦਹਾਕਿਆਂ ਤੋਂ ਬੀਜਦ ਦਾ ਗੜ੍ਹ ਰਹੇ ਹਨ। ਬੀਜਦ ਮੁਹਿੰਮ ਦੀ ਅਗਵਾਈ ਜਿਆਦਾਤਰ ਪਾਰਟੀ ਸੁਪਰੀਮੋ ਅਤੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਭਰੋਸੇਮੰਦ ਨੌਕਰਸ਼ਾਹ ਤੋਂ ਨੇਤਾ ਬਣੇ ਵੀ. ਕੇ. ਪਾਂਡੀਅਨ ਨੇ ਕੀਤੀ ਹੈ। ਬੀਜਦ ਨੇ ਸਾਰੇ ਵਰਗਾਂ ਦੇ ਲੋਕਾਂ ਲਈ ਚੋਣਾਂ ਤੋਂ

ਪਹਿਲਾਂ ਐਲਾਨ ਮੁਫਤ ਸਹੂਲਤਾਂ ਦੀ ਲੜੀ 'ਤੇ ਧਿਆਨ ਕੇਂਦਰਿਤ ਕੀਤਾ ਹੈ, ਜੋ ਸਭ ਤੋਂ ਅਹਿਮ ਹੈ। ਆਪਣਾ ਦਬਦਬਾ ਕਾਇਮ ਰੱਖਣ ਲਈ ਬੀਜਦ ਨੇ ਜੁਲਾਈ ਤੋਂ ਸੂਬੇ ਦੀ 90 ਫੀਸਦੀ ਆਬਾਦੀ ਨੂੰ ਮੁਫਤ ਬਿਜਲੀ ਦੇਣ ਦਾ ਵੀ ਐਲਾਨ ਕੀਤਾ ਹੈ। ਸਿਆਸੀ ਪੰਡਿਤਾਂ ਦਾ ਕਹਿਣਾ ਹੈ ਕਿ ਸੱਤਾਧਾਰੀ ਪਾਰਟੀ ਨੂੰ ਭਾਜਪਾ ਦੀ ਹਮਲਾਵਰ ਮੁਹਿੰਮ ਦੇ ਮੱਦੇਨਜਰ ਸਾਲ 2019 ਦੇ ਆਪਣੇ ਪ੍ਰਦਰਸ਼ਨ ਨੂੰ ਦੁਹਰਾਉਣਾ ਮੁਸ਼ਕਲ ਹੋਵੇਗਾ। ਭਾਜਪਾ ਨੇ ਪਟਨਾਇਕ 'ਤੇ ਆਪਣੀ ਸਰਕਾਰ ਨੂੰ ਅਪ੍ਰਤੱਖ ਅਤੇ ਭ੍ਰਿਸਟ ਨੌਕਰਸ਼ਾਹਾਂ ਨੂੰ ਆਊਟਸੋਰਸ ਕਰਨ ਦਾ ਗੰਭੀਰ ਦੋਸ਼ ਲਾਇਆ ਹੈ, ਜਿਸ ਨਾਲ ਸੂਬਾ 50 ਸਾਲ ਪਿੱਛੇ ਚਲਾ ਗਿਆ ਹੈ। ਇਸ ਤੋਂ ਇਲਾਵਾ ਸੱਤਾ ਵਿਰੋਧੀ ਲਹਿਰ 2 ਮੰਤਰੀਆਂ, 6 ਸਾਬਕਾ ਮੰਤਰੀਆਂ ਅਤੇ ਕਈ ਮੌਜੂਦਾ ਵਿਧਾਇਕਾਂ ਸਮੇਤ ਬੀਜਦ ਦੇ ਕਈ ਮਹਾਰਥੀਆਂ ਦੀ ਕਿਸਮਤ ਦਾ ਫੈਸਲਾ ਕਰਨ 'ਚ ਮੁੱਖ ਭੂਮਿਕਾ ਨਿਭਾਅ ਸਕਦੀ ਹੈ। ਸੂਬੇ 'ਚ 40.30 ਲੱਖ ਮਰਦ ਵੋਟਰਾਂ, 39.31 ਲੱਖ ਮਹਿਲਾ ਵੋਟਰਾਂ ਅਤੇ 850 ਟਰਾਂਸਜੈਂਡਰਾਂ ਸਮੇਤ 94.41 ਲੱਖ ਤੋਂ ਵੱਧ ਵੋਟਰ 64 ਲੋਕ ਸਭਾ ਉਮੀਦਵਾਰਾਂ ਅਤੇ 383 ਵਿਧਾਨ ਸਭਾ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਜਿਨ੍ਹਾਂ 6 ਲੋਕ ਸਭਾ ਸੀਟਾਂ 'ਤੇ ਵੋਟਿੰਗ ਹੋ ਰਹੀ ਹੈ, ਉਨ੍ਹਾਂ 'ਚ ਭੁਵਨੇਸ਼ਵਰ, ਕਟਕ, ਢੇਂਕਨਾਲ ਅਤੇ ਪੁਰੀ (ਸਾਰੇ ਤੱਟੀ ਓਡਿਸ਼ਾ 'ਚ), ਪੱਛਮੀ ਓਡਿਸ਼ਾ 'ਚ ਸੰਬਲਪੁਰ ਅਤੇ ਉੱਤਰੀ ਓਡਿਸ਼ਾ 'ਚ ਇਕੋ-ਇਕ (ਸੁਰੱਖਿਅਤ) ਸੰਸਦੀ ਖੇਤਰ ਕਯੋਂਝਰ ਸ਼ਾਮਲ ਹਨ। ਇਨ੍ਹਾਂ 6 ਲੋਕ ਸਭਾ ਸੀਟਾਂ ਤੋਂ ਇਲਾਵਾ ਸੂਬੇ ਦੇ 30 ਜਿਲਿਆਂ 'ਚੋਂ 10 'ਚ ਫੈਲੀਆਂ ਇਨ੍ਹਾਂ ਸੰਸਦੀ ਸੰਵਿਧਾਨਾਂ ਤਹਿਤ ਆਉਣ ਵਾਲੀਆਂ 42 ਵਿਧਾਨ ਸਭਾ ਸੀਟਾਂ 'ਤੇ ਵੀ ਵੋਟਿੰਗ ਹੋਵੇਗੀ।

ਫਤਿਹਗੜ੍ਹ ਸਾਹਿਬ 'ਚ ਪੁੱਜੇ ਪ੍ਰਿਯੰਕਾ ਗਾਂਧੀ ਨੇ ਪੰਜਾਬ ਵਾਸੀਆਂ ਨੂੰ ਦਿੱਤੀਆਂ ਵੱਡੀਆਂ ਗਾਰੰਟੀਆਂ

ਜਲੰਧਰ/ਫਤਿਹਗੜ੍ਹ ਸਾਹਿਬ 26 ਮਈ। ਲੋਕ ਸਭਾ ਚੋਣਾਂ ਦੇ ਮੱਦੇਨਜਰ ਸਿਆਸੀ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਜੋਰਾਂ 'ਤੇ ਕੀਤਾ ਜਾ ਰਿਹਾ ਹੈ। ਇਸੇ ਤਹਿਤ ਅੱਜ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਪੰਜਾਬ ਦੌਰੇ 'ਤੇ ਪਹੁੰਚੇ। ਪ੍ਰਿਯੰਕਾ ਗਾਂਧੀ ਵੱਲੋਂ ਫਤਿਹਗੜ੍ਹ ਸਾਹਿਬ ਦੇ ਰਾਹੌਣ ਮੰਡੀ ਵਿਚ ਨਿਆ ਸੰਕਲਪ ਰੈਲੀ ਦੌਰਾਨ ਕਾਂਗਰਸੀ ਉਮੀਦਵਾਰ ਅਮਰ ਸਿੰਘ ਲਈ ਚੋਣ ਪ੍ਰਚਾਰ ਕੀਤਾ ਗਿਆ। ਇਸ ਦੌਰਾਨ ਪ੍ਰਿਯੰਕਾ ਗਾਂਧੀ ਵੱਲੋਂ ਇਕ ਪਾਸੇ ਜਿੱਥੇ ਪੰਜਾਬ ਵਾਸੀਆਂ ਨੂੰ ਵੱਡੀਆਂ ਗਾਰੰਟੀਆਂ ਵੀ ਦਿੱਤੀਆਂ ਗਈਆਂ, ਉਥੇ ਹੀ ਭਾਜਪਾ ਸਰਕਾਰ 'ਤੇ ਤਿੱਖੇ ਨਿਸ਼ਾਨੇ ਵੀ ਸਾਧੇ ਗਏ। ਆਪਣੇ ਸੰਬੋਧਨ ਦੌਰਾਨ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਅੱਜ ਮੈਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਧਰਤੀ 'ਤੇ ਖੜ੍ਹੀ ਹਾਂ। ਇਹ ਸ਼ਹੀਦਾਂ ਦੀ ਧਰਤੀ ਹੈ। ਮੈਂ ਸ਼ਹੀਦ ਦੀ ਬੇਟੀ, ਸ਼ਹੀਦ ਦੀ ਪੋਤਰੀ ਹਾਂ। ਇਥੇ ਖੜ੍ਹੇ ਹੋ ਕੇ ਸੰਬੋਧਨ ਕਰਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣ ਦਾ ਮੌਕਾ ਹੈ ਪਰ ਮੈਂ ਚੋਣਾਂ ਤੋਂ ਹਟ ਕੇ ਅਤੇ ਚੋਣਾਂ ਤੋਂ ਬਾਅਦ ਦੀ ਦੀਆਂ ਗੱਲਾਂ ਕਰਦੀ ਹਾਂ, ਜੋ ਡੂੰਘਾਈ ਨਾਲ ਸਮਝੋ। ਇਹ ਕਿਸਾਨਾਂ ਦੀ ਧਰਤੀ ਹੈ। ਕਿਸਾਨਾਂ ਨੇ ਸਾਡੇ ਦੇਸ਼ ਨੂੰ ਬਣਾਇਆ। ਉਨ੍ਹਾਂ ਵੱਲੋਂ ਲੋਕਾਂ ਨੂੰ ਅਮਰ ਸਿੰਘ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ ਗਈ। ਆਜਾਦੀ ਤੋਂ ਪਹਿਲਾਂ ਇਕ ਪਰੰਪਰਾ ਰਹੀ ਹੈ, ਕਿਸਾਨਾਂ ਦੇ ਆਦਰ-ਸਨਸਾਨ ਕਰਨ ਦੀ ਪਰਪੰਰਾ ਰਹੀ ਹੈ। ਸਾਡਾ ਦੇਸ਼ ਕਿਸਾਨਾਂ ਦਾ ਦੋਸ਼ ਹੈ, ਸਰਹੱਦ 'ਤੇ ਰੱਖਿਆ ਕਰਨ ਵਾਲੇ ਕਿਸਾਨਾਂ ਦੇ ਬੇਟੇ ਹਨ। ਇਹ ਗੱਲ ਅਸੀਂ ਸਮਝਦੇ ਸੀ ਇਸ ਲਈ ਸਾਡੀ ਵਿਚਾਰਧਾਰਾ ਵਿਚ ਕਿਸਾਨਾਂ ਲਈ ਹਮੇਸ਼ਾ ਸਨਮਾਨ ਰਿਹਾ। ਇਸ ਦੌਰਾਨ ਉਨ੍ਹਾਂ

ਔਰਤਾਂ ਨੂੰ ਵੱਡੀ ਗਾਰੰਟੀ ਦਿੰਦੇ ਹੋਏ ਕਿਹਾ ਕਿ ਹਰ ਗਰੀਬ ਪਰਿਵਾਰ ਦੀ ਸਭ ਤੋਂ ਵੱਡੀ ਮਹਿਲਾ ਦੇ ਖਾਤੇ ਵਿਚ ਸਲਾਨਾ ਇਕ ਲੱਖ ਰੁਪਏ ਹਰ ਮਹੀਨੇ ਵਿਚ 8 ਹਜਾਰ 500 ਰੁਪਏ ਖਾਤੇ ਵਿਚ ਪਾਏ ਜਾਣਗੇ। 50 ਫੀਸਦੀ ਹਰ ਸਰਕਾਰੀ ਰੁਜ

ਕਾਲੋਨਾਈਜਰਾਂ ਨੇ ਨਾਜਾਇਜ ਕਾਲੋਨੀਆਂ ਕੱਟਣ ਦਾ ਢੰਗ ਬਦਲਿਆ

ਜਲੰਧਰ 26 ਮਈ। ਜਲੰਧਰ ਵਿਚ ਪਿਛਲੇ ਲੰਮੇ ਸਮੇਂ ਤੋਂ ਨਾਜਾਇਜ ਕਾਲੋਨੀਆਂ ਕੱਟੀਆਂ ਜਾ ਰਹੀਆਂ ਹਨ, ਜਿਨ੍ਹਾਂ ਨੇ ਸ਼ਹਿਰ ਦੀ ਸ਼ਕਲ ਹੀ ਵਿਗਾੜ ਕੇ ਰੱਖ ਦਿੱਤੀ ਹੈ। ਜਦੋਂ ਅਕਾਲੀ-ਭਾਜਪਾ ਦੀ ਸਰਕਾਰ ਸੀ ਅਤੇ ਉਸ ਤੋਂ ਬਾਅਦ ਜਦੋਂ ਕਾਂਗਰਸ ਆਈ, ਉਦੋਂ ਕਾਲੋਨਾਈਜਰਾਂ ਦੀ ਖੂਬ ਮੌਜ ਲੱਗੀ ਰਹੀ ਅਤੇ ਇਸ ਕਾਰਜਕਾਲ ਦੌਰਾਨ ਸ਼ਹਿਰ ਵਿਚ 1000 ਤੋਂ ਵੀ ਵਧੇਰੇ ਨਾਜਾਇਜ ਕਾਲੋਨੀਆਂ ਕੱਟ ਦਿੱਤੀਆਂ ਗਈਆਂ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਆਇਆਂ ਵੀ 2 ਸਾਲ ਤੋਂ ਵਧੇਰੇ ਸਮਾਂ ਹੋ ਚੁੱਕਾ ਹੈ ਪਰ ਨਾਜਾਇਜ ਕਾਲੋਨੀਆਂ ਦਾ ਕੰਮ ਰੁਕਣ ਦਾ ਨਾਂ ਨਹੀਂ ਲੈ ਰਿਹਾ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਾਜਾਇਜ ਕਾਲੋਨੀਆਂ 'ਤੇ ਸਖਤ ਕਾਰਵਾਈ ਕਰਨ ਦੇ ਹੁਕਮ ਦੇ ਰੱਖੇ ਹਨ ਪਰ ਜਲੰਧਰ ਵਿਚ ਮੁੱਖ ਮੰਤਰੀ ਦੇ ਹੁਕਮਾਂ 'ਤੇ ਰੱਤੀ ਭਰ ਵੀ ਅਮਲ ਨਹੀਂ ਹੋ ਰਿਹਾ। ਨਾਜਾਇਜ ਕਾਲੋਨੀਆਂ ਦੇ ਮਾਮਲੇ ਵਿਚ ਜਿਥੇ ਜਲੰਧਰ ਨਿਗਮ ਦੇ ਅਧਿਕਾਰੀ ਲਾਪ੍ਰਵਾਹ ਬਣੇ ਹੋਏ ਹਨ, ਉਥੇ ਹੀ ਕਾਲੋਨਾਈਜਰਾਂ ਨੇ ਵੀ ਨਾਜਾਇਜ ਕਾਲੋਨੀਆਂ ਕੱਟਣ ਦਾ ਢੰਗ ਬਦਲ ਲਿਆ ਹੈ। ਪਹਿਲਾਂ ਇਹ ਕਾਲੋਨਾਈਜਰ ਜਮੀਨ ਆਦਿ ਖਰੀਦ ਕਰਕੇ ਉਸ ਵਿਚ ਸੜਕਾਂ ਆਦਿ ਬਣਾ ਲੈਂਦੇ ਸਨ ਅਤੇ ਵਧੇਰੇ ਮਾਮਲਿਆਂ 'ਚ ਸੀਵਰ ਲਾਈਨ ਅਤੇ ਸਟਰੀਟ ਲਾਈਟਾਂ ਤਕ ਲਗਾ ਦਿੱਤੀਆਂ

ਜਾਂਦੀਆਂ ਸਨ, ਜਿਸ ਤੋਂ ਬਾਅਦ ਪਲਾਟਿੰਗ ਹੁੰਦੀ ਸੀ ਅਤੇ ਨਾਜਾਇਜ ਕਾਲੋਨੀ ਦੇ ਪਲਾਟ ਡੀਲਰਾਂ ਵੱਲੋਂ ਵੇਚੇ ਜਾਂਦੇ ਸਨ। ਜਦੋਂ ਇਸ ਮਾਮਲੇ ਵਿਚ ਸ਼ਿਕਾਇਤਾਂ ਆਦਿ ਦਾ ਦੌਰ ਸ਼ੁਰੂ ਹੋਇਆ ਤਾਂ ਕਾਲੋਨਾਈਜਰਾਂ ਨੇ ਵੀ ਆਪਣੇ ਪੁਰਾਣੇ ਢੰਗ ਨੂੰ ਬਦਲ ਲਿਆ। ਹੁਣ ਨਾਜਾਇਜ ਕਾਲੋਨੀਆਂ ਕੱਟਣ ਵਾਲੇ ਕਾਲੋਨਾਈਜਰ ਕਿਸੇ ਵੀ ਜਮੀਨ ਨੂੰ ਖਰੀਦ ਕੇ ਉਥੇ ਕੁਝ ਵੀ ਡਿਵੈੱਲਪ ਨਹੀਂ ਕਰਦੇ, ਸਗੋਂ 2-2, 4-4 ਮਰਲੇ ਦੀਆਂ ਕੋਠੀਆਂ ਦਾ ਨਿਰਮਾਣ ਸ਼ੁਰੂ ਕਰ ਦਿੰਦੇ ਹਨ। ਵਧੇਰੇ ਮਾਮਲਿਆਂ ਵਿਚ ਇਹ ਕੋਠੀਆਂ ਅਤੇ ਨਿਰਮਾਣ ਬਿਨਾਂ ਨਕਸ਼ਾ ਪਾਸ ਕਰਵਾਏ ਕੀਤੇ ਜਾਂਦੇ ਹਨ। ਕਈ ਮਾਮਲਿਆਂ ਵਿਚ ਤਾਂ ਅਜਿਹਾ ਹੁੰਦਾ ਹੈ ਕਿ ਜੇਕਰ ਇਕ ਲਾਈਨ ਵਿਚ 10 ਜਾਂ 20 ਕੋਠੀਆਂ ਬਣ ਰਹੀਆਂ ਹਨ ਤਾਂ ਉਨ੍ਹਾਂ ਵਿਚੋਂ 4-6 ਦਾ ਨਕਸ਼ਾ ਪਾਸ ਕਰਵਾ ਲਿਆ ਜਾਂਦਾ ਹੈ ਅਤੇ ਸਰਕਾਰੀ ਅਧਿਕਾਰੀਆਂ ਦੇ ਆਉਣ 'ਤੇ ਇਕ ਹੀ ਨਕਸ਼ੇ ਨੂੰ ਵਾਰ-ਵਾਰ ਦਿਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਜਾਇਜ ਕਾਲੋਨੀਆਂ ਵਿਚ ਕੋਠੀਆਂ ਆਦਿ ਬਣਾਉਣ ਤੋਂ ਬਾਅਦ ਕਾਲੋਨਾਈਜਰ ਜਾਂ ਤਾਂ ਖੁਦ ਸੜਕਾਂ ਆਦਿ ਦਾ ਨਿਰਮਾਣ ਕਰਦੇ ਹਨ ਜਾਂ ਵਧੇਰੇ ਮਾਮਲਿਆਂ ਵਿਚ ਵਿਧਾਇਕ ਜਾਂ ਸੰਸਦ ਮੈਂਬਰ ਆਦਿ ਦੀ ਗ੍ਰਾਂਟ ਨਾਲ ਇਹ ਕੰਮ ਕਰਵਾ ਲਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਨਾਜਾਇਜ ਕਾਲੋਨੀਆਂ ਵਿਚ ਜਲੰਧਰ ਨਿਗਮ ਨੇ ਕਰੋੜਾਂ ਰੁਪਏ ਖਰਚ ਕੀਤੇ। ਨਾਰਥ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਟਰਾਂਸਪੋਰਟ ਨਗਰ ਦੇ ਸਾਹਮਣੇ ਪਰਸ਼ੂਰਾਮ ਨਗਰ ਵਿਚ ਇਨ੍ਹੀਂ ਦਿਨੀਂ ਨਾਜਾਇਜ ਕਾਲੋਨੀ ਨਵੇਂ ਢੰਗ ਨਾਲ ਕੱਟੀ ਜਾ ਰਹੀ ਹੈ। ਉਥੇ ਕਾਲੋਨਾਈਜਰਾਂ ਅਤੇ ਡੀਲਰਾਂ ਵੱਲੋਂ ਛੋਟੀਆਂ-ਛੋਟੀਆਂ ਕੋਠੀਆਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਹੁਣ ਉਥੇ ਨਵੀਆਂ ਸੜਕਾਂ ਨਹੀਂ ਬਣਾਈਆਂ ਗਈਆਂ ਹਨ ਤਾਂ ਕਿ ਕਿਸੇ ਨੂੰ ਵੀ ਨਾਜਾਇਜ ਕਾਲੋਨੀ ਬਾਰੇ ਪਤਾ ਨਾ ਲੱਗੇ। ਇਨ੍ਹਾਂ ਕੋਠੀਆਂ ਨੂੰ ਬਹੁਤ ਮਹਿੰਗੇ ਭਾਅ 'ਤੇ ਵੇਚਿਆ ਜਾ ਰਿਹਾ ਹੈ। ਦੋਸ਼ ਤਾਂ ਇਹ ਵੀ ਲੱਗ ਰਹੇ ਹਨ ਕਿ ਕੋਠੀਆਂ ਦੇ ਨਿਰਮਾਣ ਵਿਚ ਕੁਝ ਡੀਲਰ ਬਹੁਤ ਘਟੀਆ ਮਟੀਰੀਅਲ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਕੋਠੀਆਂ ਆਦਿ ਦੇ ਵਧੇਰੇ ਖਰੀਦਦਾਰ ਪ੍ਰਵਾਸੀ ਮਜਦੂਰ ਹੁੰਦੇ ਹਨ, ਇਸ ਲਈ ਡੀਲਰਾਂ ਦੀ ਖੂਬ ਚਾਂਦੀ ਬਣੀ ਹੋਈ ਹੈ। ਪਤਾ ਲੱਗਾ ਹੈ ਕਿ ਨਗਰ ਨਿਗਮ ਦੇ ਅਧਿਕਾਰੀਆਂ ਕੋਲ ਇਸ ਨਾਜਾਇਜ ਕਾਲੋਨੀ ਬਾਬਤ ਰਵੀ ਛਾਬੜਾ ਅਤੇ ਹੋਰਨਾਂ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਪਹੁੰਚੀਆਂ ਹੋਈਆਂ ਹਨ ਪਰ ਨਗਰ ਨਿਗਮ ਦੇ ਅਧਿਕਾਰੀ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰ ਰਹੇ।

ਕਾਰ 'ਚੋਂ 35 ਪੇਟੀਆਂ ਨਾਜਾਇਜ ਸ਼ਰਾਬ ਬਰਾਮਦ, 2 ਵਿਅਕਤੀ ਗ੍ਰਿਫਤਾਰ

ਗੁਰਦਾਸਪੁਰ 26 ਮਈ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਬੱਬਰੀ ਬਾਈਪਾਸ ਨੇੜੇ ਨਾਕਾਬੰਦੀ ਕਰਦੇ ਹੋਏ ਇਕ ਕਾਰ ਵਿਚੋਂ 35 ਪੇਟੀਆਂ (420 ਬੋਤਲਾਂ) ਨਾਜਾਇਜ ਸ਼ਰਾਬ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਸ਼ਰਾਬ ਨੂੰ ਕਬਜੇ ਵਿਚ ਲੈ ਕੇ ਮੁਲਜਮਾਂ ਖਿ?ਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਦਿੱਤਾ ਹੈ। ਇਸ ਮਾਮਲੇ ਦੇ ਸਬੰਧ ਵਿਚ ਏ. ਐੱਸ. ਆਈ. ਸੋਹਨ ਲਾਲ ਨੇ ਦੱਸਿਆ ਕਿ ਉਹਨਾਂ ਨੇ ਪੁਲਸ ਪਾਰਟੀ ਨਾਲ ਬੱਬਰੀ ਪੁਲਸ ਨਾਕੇ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਉਹ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਉਹਨਾਂ ਨੇ ਕਿਹਾ ਕਿ ਚੈਕਿੰਗ ਕਰਦੇ ਸਮੇਂ ਇਕ ਕਾਰ ਨੰਬਰ

ਪੀਬੀ32 ਜੇ.6780 ਬਟਾਲਾ ਸਾਇਡ ਤੋਂ ਆਈ, ਜਿਸ ਵਿਚ ਸ਼ਮਸ਼ੇਰ ਉਰਫ ਸ਼ੈਂਕੀ ਅਤੇ ਕੁਲਵਿੰਦਰ ਕੁਮਾਰ ਉਰਫ ਸਾਬੀ ਵਾਸੀਆਨ ਅਵਾਂਖਾ ਥਾਣਾ ਦੀਨਾਨਗਰ ਸਵਾਰ ਸਨ, ਜਿਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਕਾਰ ਦੀ ਤਾਲਾਸ਼ੀ ਲਈ ਗਈ। ਇਸ ਦੌਰਾਨ ਪੁਲਸ ਨੂੰ 15 ਪੇਟੀਆਂ (180) ਬੋਤਲਾਂ ਸ਼ਰਾਬ ਠੇਕਾ ਮਾਰਕਾ ਮੈਕਡਾਵਲ ਵਿਸ਼ਕੀ ਅਤੇ 20 ਪੇਟੀਆਂ (240) ਬੋਤਲਾਂ ਸ਼ਰਾਬ ਠੇਕਾ ਮਾਰਕਾ ਰਾਇਲ ਸਟੈਗ ਵਿਸਕੀ ਬਰਾਮਦ ਹੋਈਆਂ। ਪੁਲਸ ਅਧਿਕਾਰੀ ਨੇ ਦੱਸਿਆ ਕਿ 2 ਨੌਜਵਾਨਾਂ ਨੂੰ ਪੁਲਸ ਨੇ ਗ੍ਰਿਫਤਾਰ ਕਰਦੇ ਹੋਏ ਉਹਨਾਂ ਖਿ?ਲਾਫ ਮਾਮਲਾ ਦਰਜ ਕਰ ਦਿੱਤਾ, ਜਿਹਨਾਂ ਨੂੰ ਬਾਅਦ ਵਿਚ ਜਮਾਨਤ 'ਤੇ ਰਿਹਾਅ ਕਰ ਦਿੱਤਾ।

ਕਿਸਾਨ ਵੱਲੋਂ ਨਾੜ ਨੂੰ ਲਾਈ ਗਈ ਅੱਗ ਕਾਰਨ ਪੁਲਸ ਸਟੇਸਨ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਲੱਗੀ ਅੱਗ

ਕਾਨਵਾਂ/ਦੀਨਾਨਗਰ 26 ਮਈ। ਜਿੱਥੇ ਪੰਜਾਬ ਸਰਕਾਰ ਵੱਲੋਂ ਹਰ ਸਾਲ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਾਉਣ ਲਈ ਕਈ ਕੈਂਪ ਲਾ ਕੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਨਾੜ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਚੇਤਾਵਨੀ ਵੀ ਦਿੱਤੀ ਜਾਂਦੀ ਹੈ ਪਰ ਇਸ ਦੇ ਬਾਵਜੂਦ ਵੀ ਕਿਸਾਨਾਂ ਵੱਲੋਂ ਇਸ ਕੰਮ ਤੋਂ ਗੁਰੇਜ ਨਹੀਂ ਕੀਤਾ ਜਾਂਦਾ। ਇਸ ਤਹਿਤ ਅੱਜ ਪੁਲਸ ਸਟੇਸਨ ਕਾਨਵਾਂ ਦੇ ਬਾਹਰ ਨੇੜੇ ਖੇਤਾਂ ਵਿਚ ਇਕ ਕਿਸਾਨ ਵੱਲੋਂ ਨਾੜ ਨੂੰ ਅੱਗ ਲਗਾਈ ਗਈ ਅਤੇ ਅਚਾਨਕ ਹਵਾ ਦਾ ਤੇਜ ਰਫਤਾਰ ਹੋਣ ਕਾਰਨ ਪੁਲਸ ਮਾਲ ਮੁਕੱਦਮੇ ਦੀਆਂ ਖੜੀਆਂ ਕੁਝ ਗੱਡੀਆਂ ਨੂੰ

ਅਚਾਨਕ ਅੱਗ ਪੈ ਗਈ, ਜਿਸ ਕਾਰਨ 10 ਦੇ ਕਰੀਬ ਗੱਡੀਆਂ ਸੜ ਕੇ ਸੁਆਹ ਹੋ ਗਈਆਂ। ਇਸ ਸਬੰਧੀ ਮੌਕੇ 'ਤੇ ਪਹੁੰਚੇ ਡੀਐੱਸਪੀ ਹਰਕ੍ਰਿਸਨ ਸਿੰਘ ਨੇ ਦੱਸਿਆ ਕਿ ਇਹ ਕੁਝ ਗੱਡੀਆਂ ਮਾਲ ਮੁਕੱਦਮੇ ਤਹਿਤ ਇਥੇ ਖੜੀਆਂ ਸਨ, ਅਚਾਨਕ ਅੱਗ ਲੱਗਣ ਕਾਰਨ ਇਹ ਘਟਨਾ ਵਾਪਰ ਗਈ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਹੀ ਫਾਇਰ ਬ੍ਰਿਗੇਡ ਨੂੰ ਬੁਲਾਇਆ ਗਿਆ ਪਰ ਆਉਣ ਤੱਕ 10 ਦੇ ਕਰੀਬ ਗੱਡੀਆਂ ਸੜ ਗਈਆਂ ਸਨ ਅਤੇ ਬੜੀ ਮੁਸਕਿਲ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਬਾਰੇ ਪਤਾ ਕਰਕੇ ਜਿਸ ਕਿਸਾਨ ਵੱਲੋਂ ਨਾੜ ਨੂੰ ਅੱਗ ਲਗਾਈ ਗਈ ਹੈ, ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

ਕਿਸਾਨਾਂ ਦੇ ਧਰਨੇ ਕਾਰਨ ਰੇਲ ਆਵਾਜਾਈ ਪ੍ਰਭਾਵਿਤ, 50 ਕਿਲੋਮੀਟਰ ਜਿਆਦਾ ਦੂਰੀ ਤੈਅ ਕਰ ਰਹੀਆਂ ਟਰੇਨਾਂ

ਚੰਡੀਗੜ੍ਹ 26 ਮਈ। ਸ਼ੰਭੂ ਬਾਰਡਰ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਰੇਲਵੇ ਟਰੈਕ 'ਤੇ ਕਿਸਾਨਾਂ ਦੇ ਧਰਨੇ ਕਾਰਨ ਕਰੀਬ ਇਕ ਮਹੀਨੇ ਤੋਂ ਰੇਲ ਆਵਾਜਾਈ ਪ੍ਰਭਾਵਿਤ ਹੈ। ਰੇਲਵੇ ਨੇ 50 ਟਰੇਨਾਂ ਨੂੰ ਵਾਇਆ ਚੰਡੀਗੜ੍ਹ ਡਾਇਵਰਟ ਕੀਤਾ ਹੋਇਆ ਹੈ। ਡੀ. ਆਰ. ਐੱਮ. ਅੰਬਾਲਾ ਮੁਤਾਬਕ ਅੰਮ੍ਰਿਤਸਰ-ਦਿੱਲੀ ਸ਼ਤਾਬਦੀ, ਜੈਨਗਰ ਐਕਸਪ੍ਰੈਸ, ਮੁੰਬਈ ਇਟਰਸਿਟੀ ਸਮੇਤ ਲੰਬੀ ਦੂਰੀ ਦੀਆਂ ਕਰੀਬ 50 ਟਰੇਨਾਂ ਦਾ ਸੰਚਾਲਨ ਵਾਇਆ ਚੰਡੀਗੜ੍ਹ ਹੋ ਰਿਹਾ ਹੈ। ਇਨ੍ਹਾਂ ਟਰੇਨਾਂ ਨੂੰ ਕਰੀਬ 50 ਕਿਲੋਮੀਟਰ ਦੀ ਦੂਰੀ ਜ?ਿਆਦਾ ਤੈਅ ਕਰਨੀ ਪੈ ਰਹੀ ਹੈ। ਇਹ ਸਾਰੀਆਂ ਟਰੇਨਾਂ ਲੁਧਿਆਣਾ,

ਸਾਹਨੇਵਾਲ, ਮੋਰਿੰਡਾ, ਖਰੜ, ਮੋਹਾਲੀ ਤੋਂ ਹੁੰਦੇ ਹੋਏ ਚੰਡੀਗੜ੍ਹ ਪਹੁੰਚ ਰਹੀਆਂ ਹਨ, ਜਦੋਂ ਕਿ ਪਹਿਲਾਂ ਇਹ ਟਰੇਨਾਂ ਸਾਹਨੇਵਾਲ, ਖੰਨਾ, ਸਰਹਿੰਦ, ਰਾਜਪੁਰਾ ਤੋਂ ਹੁੰਦੇ ਹੋਏ ਅੰਬਾਲਾ ਜਾਂਦੀਆਂ ਸਨ। ਸਾਹਨੇਵਾਲ ਵਾਇਆ ਚੰਡੀਗੜ੍ਹ ਸਿੰਗਲ ਟਰੈਕ ਹੈ। ਟ੍ਰੈਫਿਕ ਜ?ਿਆਦਾ ਹੋਣ ਕਾਰਨ ਇਹ ਟਰੇਨਾਂ ਕਾਫੀ ਲੇਟ ਹੋ ਰਹੀਆਂ ਹਨ, ਜਿਸ ਕਾਰਨ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਰੇਲ ਟ੍ਰੈਫਿਕ ਜ?ਿਆਦਾ ਵੱਧਣ ਦਾ ਅਸਰ ਸਟੇਸ਼ਨ ਕੰਪਲੈਕਸ 'ਚ ਜਾਰੀ ਨਿਰਮਾਣ ਕੰਮਾਂ 'ਤੇ ਵੀ ਪੈ ਰਿਹਾ ਹ। ਰੇਲ ਲੈਂਡ ਡਿਵੈਲਪਮੈਂਟ ਅਥਾਰਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟੇਸ਼ਨ ਕੰਪਲੈਕਸ ਦੇ ਅੱਧੇ ਢਾਂਚੇ ਨੂੰ ਤੋੜਿਆ ਜਾਣਾ ਸੀ ਪਰ ਅਜੇ ਇਸ ਲਈ ਨਹੀਂ ਤੋੜਿਆ ਜਾ ਰਿਹਾ ਕਿਉਂਕਿ ਰੇਲ ਟ੍ਰੈਫਿਕ ਜ?ਿਆਦਾ ਹੋਣ ਕਾਰਨ ਅਧਿਕਾਰੀ ਚੱਲਦੀ ਵਿਵਸਥਾ ਨੂੰ ਵਿਗਾੜਨਾ ਨਹੀਂ ਚਾਹੁੰਦੇ। ਇਸ ਕਾਰਨ ਸਟੇਸ਼ਨ ਕੰਪਲੈਕਸ 'ਤੇ ਚੱਲ ਰਹੇ ਨਿਰਮਾਣ ਕੰਮਾਂ 'ਚ ਰੁਕਾਵਟ ਪੈ ਰਹੀ ਹੈ।

ਗੈਂਗਸਟਰਾਂ ਦੇ ਵਿਦੇਸ਼ ਭੱਜਣ ਦੇ ਮਾਮਲੇ 'ਚ ਵੱਡਾ ਖੁਲਾਸਾ

ਮੋਹਾਲੀ 26 ਮਈ। ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਮੋਹਾਲੀ ਦੇ ਹੱਥ ਵੱਡੀ ਕਾਮਯਾਬੀ ਲੱਗੀ ਹੈ। ਸੈੱਲ ਨੇ ਜਾਅਲੀ ਦਸਤਾਵੇਜ ਤਿਆਰ ਕਰਕੇ ਦੇਸ਼ 'ਚੋਂ ਫਰਾਰ ਹੋਣ ਵਿਚ ਮਦਦ ਕਰਨ ਵਾਲੇ 3 ਏਜੰਟਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜਮ ਇਮੀਗ੍ਰੇਸ਼ਨ ਏਜੰਟ ਮੁੱਖ ਤੌਰ 'ਤੇ ਗੈਂਗਸਟਰਾਂ ਨੂੰ ਭਾਰਤ ਤੋਂ ਵਿਦੇਸ਼ ਭੇਜ ਕੇ ਉੱਥੇ ਸੈਟਲ ਵੀ ਕਰਵਾਉਂਦੇ ਸਨ। ਇਨ੍ਹਾਂ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਪਾਸਪੋਰਟ ਅਤੇ ਹੋਰ ਦਸਤਾਵੇਜ਼ ਤੱਕ ਜਾਅਲੀ ਬਣਾਏ ਜਾਂਦੇ ਸਨ। ਮੁਲਜਮਾਂ ਦੀ ਪਛਾਣ ਜਲੰਧਰ ਨਿਵਾਸੀ ਜਗਜੀਤ ਸਿੰਘ ਉਰਫ ਜੀਤਾ, ਮੁਹੰਮਦ ਸਾਜੇਬ ਅਤੇ ਮੁਹੰਮਦ ਕੈਫ ਵਜੋਂ ਹੋਈ ਹੈ। ਸੈੱਲ ਵੱਲੋਂ ਤਿੰਨੇ ਮੁਲਾਜਮਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿ?ਲਹਾਲ ਇਸ ਮਾਮਲੇ 'ਚ ਕਈ ਵੱਡੇ ਖੁਲਾਸੇ ਹੋ ਸਕਦੇ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਮੁਲਜਮ ਹੁਣ ਤੱਕ 15 ਤੋਂ 20 ਗੈਂਗਸਟਰਾਂ ਨੂੰ ਵਿਦੇਸ਼ ਫਰਾਰ ਹੋਣ 'ਚ ਮਦਦ ਕਰ ਚੁੱਕੇ ਸਨ। ਜਾਣਕਾਰੀ ਮੁਤਾਬਕ ਐੱਸ.ਐੱਸ.ਓ.ਸੀ. ਮੋਹਾਲੀ ਨੂੰ ਮੁਖਬਰਾਂ ਤੋਂ ਸੂਚਨਾ ਮਿਲੀ ਸੀ ਕਿ ਕਈ ਹਾਰਡਕੋਰ ਕ੍ਰਿਮੀਨਲ ਜਿਨ੍ਹਾਂ ਨੇ ਘਿਨਾਉਣੇ ਅਪਰਾਧ ਕੀਤੇ ਹਨ, ਉਹ ਜਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਹੋਏ ਹਨ ਪਰ ਇਹ ਭਾਰਤ ਛੱਡ ਵਿਦੇਸ਼ ਭੱਜਣ ਦੀ ਫਿਰਾਕ ਵਿਚ ਹਨ। ਕੁਝ ਜਾਅਲੀ ਇਮੀਗ੍ਰੇਸ਼ਨ ਏਜੰਟ ਇੰਨ੍ਹਾਂ ਦੀ ਮਦਦ ਕਰ ਰਹੇ ਹਨ। ਸੂਚਨਾ ਮਿਲਦੇ ਹੀ ਐੱਸ.ਐੱਸ.ਓ.ਸੀ. ਨੇ ਪਹਿਲਾਂ ਜਲੰਧਰ ਦੇ ਰਹਿਣ ਵਾਲੇ ਜਗਜੀਤ ਸਿੰਘ ਉਰਫ ਜੀਤਾ ਨੂੰ ਗ੍ਰਿਫਤਾਰ ਕਰ ਲਿਆ। ਜਗਜੀਤ ਤੋਂ ਪੁੱਛਗਿੱਛ 'ਚ ਹੋਰ ਦੋ ਸਾਥੀਆਂ ਮੁਹੰਮਦ ਸਾਜੇਬ ਅਤੇ ਮੁਹੰਮਦ ਕੈਫ ਦੇ ਬਾਰੇ ਜਾਣਕਾਰੀ ਮਿਲੀ। ਇਨ੍ਹਾਂ ਨੂੰ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਤਿੰਨੋਂ ਇੱਕੋ ਗਿਰੋਹ ਬਣਾ ਕੇ ਕੰਮ ਕਰਦੇ ਸਨ। ਤਿੰਨੇ ਹੀ ਪੈਰੋਲ ਜਾਂ ਫਿਰ ਜਮਾਨਤ 'ਤੇ ਆਏ ਅਪਰਾਧੀਆਂ ਨਾਲ ਸੰਪਰਕ ਕਰਦੇ ਸਨ। ਇਸ ਤੋਂ ਇਲਾਵਾ ਜੋ ਵੀ ਵਿਦੇਸ਼ ਫਰਾਰ ਹੋਣ ਦੀ ਇੱਛਾ ਰੱਖਦਾ ਸੀ, ਉਸ ਮੁਲਜ਼ਮ ਦੇ ਜਾਅਲੀ ਦਸਤਾਵੇਜ਼ ਤਿਆਰ ਕਰਕੇ ਉਸ ਨੂੰ ਬੰਗਾਲ ਦੇ ਰਸਤੇ, ਹਾਂਗਕਾਂਗ ਜਾਂ ਯੂਰਪੀਅਨ ਦੇਸ਼ ਪੋਲੈਂਡ-ਪੁਰਤਗਾਲ ਭੇਜ ਦਿੰਦੇ ਸਨ ਜਿਸ ਤੋਂ ਬਾਅਦ ਉਹ ਅਪਰਾਧੀ ਉੱਥੇ ਲੁੱਕ ਕੇ ਰਹਿੰਦੇ ਸਨ। ਇਥੇ ਪੁਲਸ ਉਨ੍ਹਾਂ ਦੀ ਭਾਲ ਵਿਚ ਲੱਗੀ ਰਹਿੰਦੀ ਸੀ। ਐੱਸ.ਐੱਸ.ਓ.ਸੀ. ਦੀ ਜਾਂਚ ਵਿਚ ਸਾਹਮਣੇ ਆਇਆ ਕਿ ਇਨ੍ਹਾਂ ਨੇ 15-20 ਗੈਂਗਸਟਰਾਂ ਨੂੰ ਵਿਦੇਸ਼ ਭੇਜਿਆ ਹੈ। ਜਿਨ੍ਹਾਂ ਦੇ ਪਾਸਪੋਰਟ ਤੱਕ ਇਨ੍ਹਾਂ ਨੇ ਜਾਅਲੀ ਬਣਾਏ ਸਨ। ਇਨ੍ਹਾਂ ਵਿਚ ਗੈਂਗਸਟਰ ਗੋਪੀ ਨਵਾਂਸਹਿਰੀਆ ਵੀ ਸਾਮਲ ਹੈ, ਜੋ ਗੈਂਗਸਟਰ ਹਰਵਿੰਦਰ ਰਿੰਦਾ ਦਾ ਸਾਥੀ ਦੱਸਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਏਜੰਟਾਂ ਨੇ ਗੋਪੀ ਨਵਾਂਸਹਿਰੀਆ ਨੂੰ ਸਾਲ 2022 ਵਿਚ ਪੋਲੈਂਡ ਭੇਜਿਆ ਸੀ। ਸੰਗਰੂਰ ਦਾ ਗੈਂਗਸਟਰ ਸੁੱਖਾ ਕਲੌਂਦੀ ਵੀ ਅਮਰੀਕਾ ਸੈਟਲ ਕਰਵਾਇਆ। ਇਸ ਤੋਂ ਇਲਾਵਾ ਲੁਧਿਆਣਾ ਦੇ ਗੈਂਗਸਟਰ ਗੁਰਪ੍ਰੀਤ ਸਿੰਘ ਨੂੰ ਕੈਨੇਡਾ

ਭਾਰਤ-ਪਾਕਿਸਤਾਨ ਸਰਹੱਦ 'ਤੇ ਬੀ. ਐੱਸ. ਐੱਫ. ਨੇ 5 ਕਰੋੜ ਰੁਪਏ ਦੀ ਹੈਰੋਇਨ ਕੀਤੀ ਬਰਾਮਦ

ਫਿਰੋਜਪੁਰ 26 ਮਈ। ਫ਼ਿਰੋਜਪੁਰ 'ਚ ਭਾਰਤ-ਪਾਕਿਸਤਾਨ ਬਾਰਡਰ 'ਤੇ ਬੀ. ਐੱਸ. ਐੱਫ. ਨੇ ਸਰਚ ਮੁਹਿੰਮ ਦੌਰਾਨ ਇਕ ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਦਿੰਦੇ ਹੋਏ ਬੀ. ਐੱਸ. ਐੱਫ. ਪੰਜਾਬ ਫਰੰਟੀਅਰ ਦੇ ਜਨਸੰਪਰਕ ਅਧਿਕਾਰੀ ਨੇ ਦੱਸਿਆ ਕਿ ਸਰਹੱਦੀ ਪਿੰਡ ਕਿਲਚੇ ਦੇ ਇਕ ਕਣਕ ਦੇ ਖੇਤਾਂ 'ਚੋਂ ਇਕ ਜ਼ੁਰਾਬ 'ਚ ਰੱਖਿਆ ਹੋਇਆ ਪੈਕੇਟ ਮਿਲਿਆ ਹੈ, ਜਿਸ 'ਚ ਤਕਰੀਬਨ ਇਕ ਕਿੱਲੋ ਹੈਰੋਇਨ ਹੈ, ਜੋ ਪਾਕਿਸਤਾਨੀ ਤਸਕਰਾਂ ਵੱਲੋਂ ਭਾਰਤੀ ਸਰਹੱਦ 'ਚ ਭੇਜੀ ਗਈ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਰਾਮਦ ਹੈਰੋਇਨ ਦੀ ਅੰਤਰਰਾਸਟਰੀ ਮਾਰਕੀਟ 'ਚ ਕੀਮਤ ਲੱਗਭਗ 5 ਕਰੋੜ ਰੁਪਏ ਦੱਸੀ ਜਾਂਦੀ ਹੈ ਅਤੇ ਇਸ ਬਰਾਮਦਗੀ ਨਾਲ ਪਾਕਿਸਤਾਨੀ ਅਤੇ ਭਾਰਤੀ ਤਸਕਰਾਂ ਦੇ ਨਾਪਾਕ ਇਰਾਦੇ ਇਕ ਵਾਰ ਫਿਰ ਤੋਂ ਅਸਫਲ ਹੋ ਗਏ ਹਨ।

ਹਾਲ-ਏ-ਪੰਜਾਬ ! ਬਠਿੰਡਾ ਦਫਤਰ ਦੇ ਬਾਹਰ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਨਸ਼ੇ 'ਚ ਧੁੱਤ ਨੌਜਵਾਨ

ਬਠਿੰਡਾ 26 ਮਈ। ਬਠਿੰਡਾ ਵਿਖੇ ਨਸ਼ੇ ਦੀ ਓਵਰਡੋਜ ਕਾਰਨ ਇਕ ਨੌਜਵਾਨ ਐੱਸ. ਐੱਸ. ਪੀ. ਦਫਤਰ ਦੇ ਬਾਹਰ ਬੇਹੋਸੀ ਦੀ ਹਾਲਤ ਵਿਚ ਪਿਆ ਮਿਲਿਆ। ਜਾਣਕਾਰੀ ਮੁਤਾਬਕ ਇਹ ਘਟਨਾ ਸਨੀਵਾਰ ਦੀ ਹੈ। ਐੱਸ. ਐੱਸ. ਪੀ. ਦਫਤਰ ਦੇ ਬਾਹਰ ਨਸੇ ਵਿੱਚ ਧੁੱਤ ਇਕ ਨੌਜਵਾਨ ਅਦਾਲਤ ਦੇ ਗੇਟ 'ਤੇ ਬੇਹੋਸ ਹੋ ਕੇ ਡਿੱਗ ਪਿਆ। ਉਥੋਂ ਲੰਘ ਰਹੇ ਕਈ ਲੋਕਾਂ ਨੇ ਉਸ ਨੂੰ ਇਸ ਹਾਲਤ ਵਿਚ ਦੇਖਿਆ ਪਰ ਕਿਸੇ ਨੇ ਵੀ ਉਸ ਨੂੰ ਚੁੱਕਣ ਦੀ ਕੋਸ਼ਿਸ ਨਹੀਂ ਕੀਤੀ। ਆਖਰਕਾਰ ਜਦੋਂ ਮਾਮਲਾ ਐੱਸ. ਐੱਸ. ਪੀ. ਗੁਲਨੀਤ ਸਿੰਘ ਖੁਰਾਣਾ ਦੇ ਧਿਆਨ ਵਿੱਚ ਆਇਆ ਤਾਂ ਉਨ੍ਹਾਂ ਤੁਰੰਤ ਨੌਜਵਾਨ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਸਰਕਾਰ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਤਾਂ ਬਹੁਤ ਕਰ ਰਹੀ ਹੈ ਅਤੇ ਕਰੋੜਾਂ ਰੁਪਏ ਖਰਚ ਵੀ ਕਰ ਰਹੀ ਹੈ ਪਰ ਸੱਚਾਈ ਬਹੁਤ ਦੂਰ ਹੈ।

ਬਾਂਸੂਰੀ ਸਵਰਾਜ ਦੇ ਸਮਰਥਨ ਵਿੱਚ ਵੱਡੀ ਗਿਣਤੀ ਵਿੱਚ ਵੋਟਾਂ ਪਈਆਂ: ਰਾਮਦਾਸ ਮਲਿਕ

ਨਵੀਂ ਦਿੱਲੀ। ਰਾਮਦਾਸ ਮਲਿਕ, ਭਾਰਤੀ ਜਨਤਾ ਪਾਰਟੀ, ਦਿੱਲੀ ਪ੍ਰਦੇਸ ਦੇ ਸੀਨੀਅਰ ਨੇਤਾ ਅਤੇ ਚੋਣ ਪ੍ਰਬੰਧਨ ਕਮੇਟੀ ਦੇ ਸਰੋਤ ਵਿਭਾਗ ਦੇ ਸਹਿ-ਮੁਖੀ ਅਤੇ ਇੱਕ ਉੱਘੇ ਸਮਾਜ ਸੇਵਕ, ਨੇ ਸਵੇਰੇ ਉੱਠ ਕੇ ਪਹਿਲਾਂ ਲੋਕ ਸਭਾ ਚੋਣਾਂ ਵਿੱਚ ਆਪਣੀ ਦੂਜੀ ਵੋਟ ਪਾਈ। ਰਾਜੇਂਦਰ ਨਾਗਰ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਲੋਕ ਹਿੱਤਾਂ ਲਈ ਜਲਦੀ ਜਾ ਕੇ ਆਪਣੀ ਵੋਟ ਪਾਓ। ਇਸ ਤੋਂ ਬਾਅਦ ਨਵੀਂ ਦਿੱਲੀ ਲੋਕ ਸਭਾ ਹਲਕੇ ਵਿੱਚ ਦੇਖਣ ਨੂੰ ਮਿਲਿਆ ਕਿ ਦਿੱਲੀ ਵਾਸੀਆਂ ਨੇ ਲੋਕ ਸਭਾ ਚੋਣਾਂ ਵਿੱਚ ਭਾਰੀ ਉਤਸਾਹ ਅਤੇ ਉਤਸਾਹ ਨਾਲ ਹਿੱਸਾ ਲਿਆ। ਸਵੇਰ ਤੋਂ ਹੀ ਸਹਿਰ ਦੇ ਵੱਖ-ਵੱਖ ਪੋਲਿੰਗ ਸਟੇਸਨਾਂ 'ਤੇ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ, ਜਿਨ੍ਹਾਂ 'ਚ ਬਜੁਰਗ, ਬਜੁਰਗ, ਔਰਤਾਂ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਸਾਮਲ ਸਨ। ਸਮੂਹ ਵੋਟਰਾਂ ਨੇ ਇਹ ਸੰਦੇਸ ਦਿੱਤਾ ਕਿ ਵੋਟ ਪਾਉਣਾ ਹਰ ਨਾਗਰਿਕ ਦਾ ਅਹਿਮ ਅਧਿਕਾਰ ਅਤੇ ਫਰਜ ਹੈ। ਆਪਣੀ ਵੋਟ ਪਾਉਣ ਤੋਂ ਬਾਅਦ, ਬਹੁਤ ਸਾਰੇ ਲੋਕਾਂ ਨੇ ਮਾਣ ਨਾਲ ਆਪਣੀ ਉਂਗਲੀ 'ਤੇ ਸਿਆਹੀ ਦਾ ਨਿਸਾਨ ਦਿਖਾਇਆ ਅਤੇ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਕਈ ਸਮਾਜਿਕ ਸੰਸਥਾਵਾਂ ਅਤੇ ਸਥਾਨਕ ਸਮੂਹਾਂ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਮੁਹਿੰਮਾਂ ਵੀ ਚਲਾਈਆਂ। ਉਕਤ ਪੱਤਰਕਾਰਾਂ ਵੱਲੋਂ ਆਰ.ਡੀ. ਮਲਿਕ ਨੇ ਕਿਹਾ ਕਿ ਵੋਟਰਾਂ ਦੀ ਸਹੂਲਤ ਦਾ ਪੂਰਾ ਧਿਆਨ ਰੱਖਿਆ ਗਿਆ ਹੈ ਅਤੇ ਵੋਟਿੰਗ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸੰਚਾਰ ਦੇ ਸਾਰੇ ਸਾਧਨ ਵਰਤੇ ਗਏ ਹਨ। ਇਸ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਰਾਮਦਾਸ ਮਲਿਕ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਦੀ ਗਾਰੰਟੀ 'ਤੇ ਭਰੋਸਾ ਪ੍ਰਗਟਾਉਂਦੇ ਹੋਏ ਪਾਰਟੀ ਦੇ ਸਾਰੇ ਉਮੀਦਵਾਰਾਂ ਨੂੰ ਆਸੀਰਵਾਦ ਦਿੱਤਾ ਹੈ, ਉਥੇ ਹੀ ਅਰਵਿੰਦ ਕੇਜਰੀਵਾਲ ਦੀ ਗਾਰੰਟੀ 'ਤੇ ਉਨ੍ਹਾਂ ਕਿਹਾ ਕਿ ਸ. ਜਿਸ ਕੋਲ ਆਪਣੀ ਗਾਰੰਟੀ ਨਹੀਂ ਹੈ ਉਹ ਖੁਦ ਜਮਾਨਤ 'ਤੇ ਹੈ। ਉਹ ਦਿੱਲੀ ਨੂੰ ਕੀ ਗਾਰੰਟੀ ਦੇਵੇਗਾ? ਉਨ੍ਹਾਂ ਕਿਹਾ ਕਿ ਅੱਜ ਦੀ ਵੋਟਿੰਗ ਵਿੱਚ ਦਿੱਲੀ ਦੇ ਲੋਕਾਂ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗਠਜੋੜ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਆਰ.ਡੀ. ਮਲਿਕ ਨੇ ਨਵੀਂ ਦਿੱਲੀ ਲੋਕ ਸਭਾ ਹਲਕੇ ਦੇ ਰਾਜੇਂਦਰ ਨਗਰ, ਕਰੋਲ ਬਾਗ, ਪਟੇਲ ਨਗਰ, ਮੋਤੀ ਨਗਰ, ਦਿੱਲੀ ਕੈਂਟ, ਨਵੀਂ ਦਿੱਲੀ, ਕਸਤੂਰਬਾ ਨਗਰ, ਮਾਲਵੀਆ ਨਗਰ, ਆਰ ਕੇ ਪੁਰਮ, ਗ੍ਰੇਟਰ ਕੈਲਾਸ ਲੋਕ ਸਭਾ ਹਲਕੇ ਦਾ ਦੌਰਾ

ਕੀਤਾ ਅਤੇ ਬੂਥਾਂ ਬਾਰੇ ਜਾਣਕਾਰੀ ਲਈ। ਵੋਟਰਾਂ ਨਾਲ ਮੁਲਾਕਾਤ ਕੀਤੀ ਅਤੇ ਵੋਟਰਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਅਤੇ ਕਈ ਸਮੱਸਿਆਵਾਂ ਦਾ ਹੱਲ ਕੀਤਾ। ਆਰ.ਡੀ. ਮਲਿਕ ਨੇ ਕਿਹਾ ਕਿ ਨਵੀਂ ਦਿੱਲੀ ਲੋਕ ਸਭਾ ਹਲਕੇ ਦੇ ਵੋਟਰਾਂ ਨੇ ਭਾਜਪਾ ਉਮੀਦਵਾਰ ਬਾਸੂਰੀ ਸਵਰਾਜ ਨੂੰ ਸੁਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਬਾਸੂਰੀ ਸਵਰਾਜ ਜਿੱਤਣਗੇ ਅਤੇ ਸਹਿਰ ਦੇ ਵਿਕਾਸ ਅਤੇ ਜਨਤਾ ਦੀ ਭਲਾਈ ਲਈ ਕੰਮ ਕਰਨਗੇ। ਲੋਕਾਂ ਨੇ ਇਹ ਵੀ ਕਿਹਾ ਕਿ ਉਹ ਚੋਣਾਂ ਵਿੱਚ ਹਿੱਸਾ ਲੈ ਕੇ ਲੋਕਤੰਤਰ ਨੂੰ ਮਜਬੂਤ ਕਰਨ ਵਿੱਚ ਯੋਗਦਾਨ ਪਾ ਰਹੇ ਹਨ। ਕੁੱਲ ਮਿਲਾ ਕੇ, ਦਿੱਲੀ ਦੇ ਲੋਕਾਂ ਦਾ ਉਤਸਾਹ ਅਤੇ ਭਾਗੀਦਾਰੀ ਦਰਸਾਉਂਦੀ ਹੈ ਕਿ ਉਹ ਆਪਣੇ ਅਧਿਕਾਰਾਂ ਅਤੇ ਫਰਜਾਂ ਪ੍ਰਤੀ ਸੁਚੇਤ ਹਨ ਅਤੇ ਚੰਗੇ ਭਵਿੱਖ ਲਈ ਦ੍ਰਿੜ ਹਨ। ਰਾਮਦਾਸ ਮਲਿਕ, ਉਨ੍ਹਾਂ ਦੇ ਸਾਥੀਆਂ, ਮਿੱਤਰਾਂ ਅਤੇ ਭਾਜਪਾ ਵਰਕਰਾਂ, ਰਾਜਿੰਦਰ ਨਗਰ ਇਲਾਕੇ ਦੇ ਗੰਨੇ ਨਿਵਾਸੀਆਂ ਨੇ ਲੋਕ ਸਭਾ ਚੋਣਾਂ ਵਿੱਚ ਪਹਿਲੀ ਵਾਰ ਵੋਟ ਪਾ ਕੇ ਨਵੀਂ ਦਿੱਲੀ ਲੋਕ ਸਭਾ ਸੀਟ ਦੇ ਉਮੀਦਵਾਰ ਬਾਸੂਰੀ ਸਵਰਾਜ ਲਈ ਖੁਸੀ ਅਤੇ ਉਤਸਾਹ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸੰਦੇਸ ਦਿੱਤਾ ਕਿ ਹਰ ਵਿਅਕਤੀ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਚਾਹੇ ਉਹ ਕਿਸੇ ਵੀ ਉਮੀਦਵਾਰ ਨੂੰ ਵੋਟ ਪਵੇ। ਵੋਟ ਇੱਕ ਅਹਿਮ ਅਧਿਕਾਰ ਹੈ ਜਿਸ ਦੀ ਵਰਤੋਂ ਹਰ ਨਾਗਰਿਕ ਨੂੰ ਕਰਨੀ ਚਾਹੀਦੀ ਹੈ। ਇਸ ਵਾਰ ਭਾਜਪਾ 400 ਨੂੰ ਪਾਰ ਕਰ ਗਈ ਹੈ।

ਐਕਸਾਈਜ਼ ਵਿਭਾਗ ਦੀ ਟੀਮ ਨੇ ਮੰਡ ਇਲਾਕੇ ਤੋਂ ਬਰਾਮਦ ਕੀਤਾ ਨਾਜਾਇਜ਼ ਸ਼ਰਾਬ ਦਾ ਜ਼ਖੀਰਾ

ਤਰਨ ਤਾਰਨ 26 ਮਈ। ਨਾਜਾਇਜ਼ ਸ਼ਰਾਬ ਖ਼ਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਤਰਨਤਾਰਨ ਤੇ ਫਿਰੋਜ਼ਪੁਰ ਦੀ ਸਾਂਝੀ ਵਿਸ਼ੇਸ਼ ਐਕਸਾਈਜ਼ ਟੀਮਾਂ ਵਲੋਂ ਮੰਡ ਇਲਾਕੇ 'ਚ ਛਾਪੇਮਾਰੀ ਕਰਦੇ ਹੋਏ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਣੇ ਹੋਰ ਸਾਮਾਨ ਬਰਾਮਦ ਕਰਨ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਕਾਰਵਾਈ ਉਪਰੰਤ ਥਾਣਾ ਹਰੀਕੇ ਵਿਖੇ ਤਿੰਨ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਐਕਸਾਈਜ਼ ਵਿਭਾਗ ਤਰਨਤਾਰਨ ਦੇ ਈ. ਟੀ. ਓ. ਨਵਜੋਤ ਭਾਰਤੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਕਸਾਈਜ਼ ਕਮਿਸ਼ਨਰ ਪੰਜਾਬ ਵਰੁਣ ਰੂਜ਼ਮ ਵਲੋਂ ਨਾਜਾਇਜ਼ ਸ਼ਰਾਬ ਖ਼ਿਲਾਫ ਜਾਰੀ ਕੀਤੇ ਗਏ ਸਖਤ ਹੁਕਮਾਂ ਤਹਿਤ ਉੱਪ ਕਮਿਸ਼ਨਰ ਜਲੰਧਰ ਜੋਨ ਪਰਮਜੀਤ ਸਿੰਘ ਅਤੇ ਉੱਪ ਕਮਿਸ਼ਨਰ ਫਿਰੋਜ਼ਪੁਰ ਪਵਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ, ਜਿਸ 'ਚ ਅੰਮ੍ਰਿਤਸਰ ਰੇਂਜ ਦੇ ਨਵਜੀਤ ਸਿੰਘ ਅਤੇ ਫਿਰੋਜ਼ਪੁਰ ਰੇਂਜ ਦੇ ਉਮੇਸ਼ ਭੰਡਾਰੀ ਦੀ ਅਗਵਾਈ ਵਾਲੀ ਟੀਮ

ਮੌਜੂਦ ਸੀ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਸਵੇਰੇ ਦਰਿਆ ਬਿਆਸ ਨਜ਼ਦੀਕ ਵੱਖ-ਵੱਖ ਇਲਾਕਿਆਂ, ਜਿਨ੍ਹਾਂ ਵਿਚ ਮੰਡ, ਕਿੜੀਆਂ, ਮਰੜ੍ਹ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਤਲਾਸ਼ੀ ਅਭਿਆਨ ਚਲਾਇਆ ਗਿਆ, ਜਿਸ ਤਹਿਤ ਟੀਮ ਵਲੋਂ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਮੇਤ ਹੋਰ ਸਾਮਾਨ ਬਰਾਮਦ ਕਰਨ 'ਚ ਸਫਲਤਾ ਹਾਸਲ ਹੋਈ। ਨਵਜੋਤ ਭਾਰਤੀ ਨੂੰ ਦੱਸਿਆ ਕਿ ਬਰਾਮਦ ਕੀਤੀ ਗਈ ਲਾਹਣ ਨੂੰ ਮੌਕੇ 'ਤੇ ਸੁੱਕੀ ਜਗ੍ਹਾ ਉੱਪਰ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਤਹਿਤ ਹਰੀਕੇ ਵਿਖੇ ਤਿੰਨ ਮੁਲਜ਼ਮਾਂ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਪੁਲਸ ਵਲੋਂ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਵਿਆਹੁਤਾ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਪਤੀ, ਦਿਓਰ ਅਤੇ ਸੱਸ ਖ਼ਿਲਾਫ ਕੇਸ ਦਰਜ

ਗੁਰਦਾਸਪੁਰ 26 ਮਈ। ਵਿਆਹੁਤਾ ਨੂੰ ਨਾ ਵਸਾਉਣ ਅਤੇ ਦਾਜ 'ਚ ਦਿੱਤਾ ਸਾਮਾਨ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਗੁਰਦਾਸਪੁਰ ਸਦਰ ਪੁਲਸ ਨੇ ਸ਼ਿਕਾਇਤਕਰਤਾ ਦੇ ਪਤੀ, ਦਿਓਰ ਅਤੇ ਸੱਸ ਦੇ ਖ਼ਿਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਬ ਇੰਸਪੈਕਟਰ ਭਗਵਾਨ ਸਿੰਘ ਨੇ ਦੱਸਿਆ ਕਿ ਪੀੜਤਾ ਜਸਬੀਰ ਕੌਰ ਪੁੱਤਰੀ ਭਗਵਾਨ ਸਿੰਘ ਨੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਵਿਆਹ 14-7-21 ਨੂੰ ਸਤਨਾਮ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਮੰਜ ਦੇ ਨਾਲ ਹੋਇਆ ਸੀ। ਵਿਆਹ ਦੇ ਬਾਅਦ ਸ਼ਿਕਾਇਤਕਰਤਾ ਦਾ ਪਤੀ ਸਤਨਾਮ ਸਿੰਘ, ਦਿਓਰ ਜਗਰੂਪ ਸਿੰਘ ਅਤੇ ਸੱਸ ਪਰਮਜੀਤ ਕੌਰ ਉਸ ਨੂੰ ਘਰ ਵਿਚ ਨਾ ਰੱਖਣ ਦੇ ਲਈ ਤੰਗ-ਪ੍ਰੇਸ਼ਾਨ ਕਰਨ ਲੱਗੇ ਅਤੇ ਉਸ ਦੇ ਮਾਂ-ਬਾਪ ਵੱਲੋਂ ਵਿਆਹ ਦੇ ਸਮੇਂ ਦਿੱਤਾ ਦਾਜ ਵੀ ਮੁਲਜਮਾਂ ਨੇ ਖੁਰਦ-ਬੁਰਦ ਕਰ ਦਿੱਤਾ। ਇਸ ਸ਼ਿਕਾਇਤ ਦੀ ਜਾਂਚ ਡੀ. ਐੱਸ. ਪੀ ਕ੍ਰਾਈਮ ਵੱਲੋਂ ਕਰਨ ਤੋਂ ਬਾਅਦ ਮੁਲਜਮਾਂ ਖ਼ਿਲਾਫ ਕੇਸ ਦਰਜ ਕੀਤਾ ਗਿਆ।

ਸਾਥੀ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ

ਜਲੰਧਰ 26 ਮਈ। ਭਾਵੇਂ ਤੁਸੀਂ ਕਿੰਨੀ ਵੀ ਕਿਉਂ ਨਾ ਕੀਤੀ ਹੋਵੇ, ਜੇ ਲੰਮੇ ਸਮੇਂ ਲਈ ਮੈਦਾਨ 'ਚ ਡਟੇ ਰਹਿਣਾ ਹੈ ਤਾਂ ਇਹ ਆਰਟੀਕਲ ਕਰੇਗਾ ਤੁਹਾਡੀ ਪੂਰੀ ਮਦਦ। ਮਰਦਾਨਾ ਕਮਜੋਰੀ ਅੱਜ ਦੇ ਯੁੱਗ ਦੇ ਹਰ ਦੂਜੇ ਮਰਦ 'ਚ ਪਾਈ ਜਾਣ ਵਾਲੀ ਇਕ ਆਮ ਬੀਮਾਰੀ ਬਣਦੀ ਜਾ ਰਹੀ ਹੈ। ਉਂਝ ਤਾਂ ਮਰਦਾਨਾ ਕਮਜੋਰੀ ਕਈ ਤਰ੍ਹਾਂ ਦੀ ਹੁੰਦੀ ਹੈ ਪਰ ਇਸ ਦੀਆਂ ਦੋ ਕਿਸਮਾਂ ਬਹੁਤ ਆਮ ਹਨ ਢਿੱਲਾਪਣ ( ) ਤੇ ਸ਼ੀਘਰਪਤਨ ( )। ਮਰਦਾਨਾ ਕਮਜੋਰੀ ਦਾ ਮੁੱਖ ਕਾਰਨ ਦਿਮਾਗੀ ਤੇ ਸਰੀਰਕ ਹੁੰਦਾ ਹੈ। ਜ਼ਿਆਦਾਤਰ ਮਰਦਾਂ ਨੂੰ ਇਹੀ ਦਿੱਕਤ ਆਉਂਦੀ ਹੈ ਕਿ ਜਦੋਂ ਉਹ ਆਪਣੇ ਪਾਰਟਨਰ ਨਾਲ ਸੰਭੋਗ ( ) ਕਰਨ ਲੱਗਦੇ ਹਨ ਤਾਂ ਉਹ ਆਪਣੇ ਗੁਪਤ ਅੰਗ 'ਚ ਜੋਸ਼ ਜਾਂ ਤਾਕਤ ਮਹਿਸੂਸ ਨਹੀਂ ਕਰਦੇ। ਇਸ ਬੀਮਾਰੀ ਨੂੰ ਨਿਪੁੰਸਕਤਾ ਵੀ ਕਿਹਾ ਜਾਂਦਾ ਹੈ ਜਾਂ ਕਈ ਮਰਦਾਂ ਦੀ ਇਹ ਸ਼ਿਕਾਇਤ ਹੁੰਦੀ ਹੈ ਕਿ ਜਦੋਂ ਉਹ ਆਪਣੇ ਪਾਰਟਨਰ ਨਾਲ ਸੰਭੋਗ ( ) ਕਰਦੇ ਹਨ ਤਾਂ ਉਨ੍ਹਾਂ ਦੇ ਆਪਣੀ ਜਾਂ ਆਪਣੇ ਪਾਰਟਨਰ ਦੀ ਤਸੱਲੀ ਤੋਂ ਪਹਿਲਾਂ ਹੀ ਹੱਥ ਖੜ੍ਹੇ ਹੋ ਜਾਂਦੇ ਹਨ। ਮਰਦਾਨਾ ਕਮਜੋਰੀ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਟੈਨਸ਼ਨ, ਡਿਪ੍ਰੈਸ਼ਨ, ਨੀਂਦ ਪੂਰੀ ਨਾ ਲੈਣਾ, ਸਰੀਰਕ ਕਸਰਤ ਨਾ ਕਰਨਾ, ਆਪ੍ਰੇਸ਼ਨ, ਸ਼ੂਗਰ, ਬੀ. ਪੀ., ਅੰਗਰੇਜੀ ਦਵਾਈਆਂ, ਬਚਪਨ 'ਚ ਹੋਇਆ ਸ਼ੋਸ਼ਣ ( ), ਬਚਪਨ ਦੀਆਂ ਗਲਤੀਆਂ, ਜ਼ਿਆਦਾ ਤਲਿਆ/ਖੱਟਾ ਖਾਣਾ, ਨਸ਼ਾ, ਜ਼ਿਆਦਾ ਇਲੈਕਟ੍ਰੋਨਿਕ ਗੈਜੇਟਸ ਦੀ ਵਰਤੋਂ, ਟਾਈਟ ਕੱਪੜੇ ਪਹਿਨਣਾ ਆਦਿ। ਇਨ੍ਹਾਂ ਸਾਰੇ ਕਾਰਨਾਂ ਕਰਕੇ ਅੱਜ ਦਾ ਮਰਦ ਮਰਦਾਨਾ ਤੌਰ 'ਤੇ ਬੁਰੀ ਤਰ੍ਹਾਂ ਖੱਸੀ ਹੁੰਦਾ ਜਾ ਰਿਹਾ ਹੈ। ਪੈਸਾ/ਨਾਂ ਕਮਾਉਣ 'ਚ ਰੁੱਝਿਆ ਮਰਦ ਆਪਣੇ ਸਰੀਰ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ, ਜਿਸ ਕਾਰਨ ਉਹ ਮਰਦਾਨਾ ਕਮਜੋਰੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਇਕ ਔਰਤ ਆਪਣੇ ਪਾਰਟਨਰ ਤੋਂ ਇਕ ਚੰਗੇ ਸਰੀਰਕ ਸੁੱਖ ਦੀ ਇੱਛਾ ਰੱਖਦੀ ਤੇ ਉਸ ਦੀ ਇਹ ਇੱਛਾ ਪੂਰੀ ਨਾ ਹੋਣ 'ਤੇ ਵਿਆਹੁਤਾ ਜੀਵਨ 'ਚ ਦਰਾਰ ਆ ਸਕਦੀ ਹੈ ਜਾਂ ਇੰਝ ਕਹੀਏ ਕਿ ਵਿਆਹੁਤਾ ਜੀਵਨ ਤੋਂ ਬਾਹਰ ਜਾ ਸਕਦੀ ਹੈ। ਇਸ ਬੀਮਾਰੀ ਦਾ ਸਮੇਂ ਸਿਰ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ। ਦਿਨ-ਰਾਤ ਕਮਾਏ ਪੈਸੇ ਜਾਂ ਨਾਂ ਦਾ ਕੀ ਲਾਭ ਜੇਕਰ ਤੁਹਾਡਾ ਪਾਰਟਨਰ ਹੀ ਤੁਹਾਡੇ ਤੋਂ ਸੰਤੁਸ਼ਟ ਨਹੀਂ। ਔਰਤ ਦੀ ਸਤੁੰਸ਼ਟੀ ਪੈਸੇ ਨਾਲ ਨਹੀਂ ਸਰੀਰਕ ਸੁੱਖ ਨਾਲ ਹੁੰਦੀ ਹੈ। ਇਸ ਲਈ ਆਪਣੀ ਮਰਦਾਨਾ ਕਮਜੋਰੀ ਨੂੰ ਖਤਮ ਕਰਨ ਵਾਲੇ ਪਾਸੇ ਸੋਚਣਾ ਚਾਹੀਦਾ ਹੈ, ਨਾ ਕਿ ਇਸ ਨੂ

1998 ਤੋਂ ਐਮ.ਪੀ. ਅਤੇ ਦੋ ਵਾਰੀ ਮੁੱਖ ਮੰਤਰੀ ਰਹੇ ਪਰਿਵਾਰ ਨੇ ਪਟਿਆਲਾ ਅਤੇ ਪੰਜਾਬ ਦਾ ਕੁਝ ਨਹੀ ਸਵਾਰਿਆ : ਹਰਚੰਦ ਸਿੰਘ ਬਰਸਟ

ਪਟਿਆਲਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ.ਹਰਚੰਦ ਸਿੰਘ ਬਰਸਟ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਪੰਜਾਬ ਫੇਰੀ ਤੇ ਸੁਆਲ ਉਠਾਂਉਦੇ ਹੋਏ ਕਿਹਾ ਕਿ ਦੋ ਸਾਲ ਪਹਿਲਾ ਪੰਜਾਬ ਦੇ ਕਿਸਾਨਾ ਨਾਲ ਦਿੱਲੀ ਦੇ ਬਾਰਡਰਾਂ ਤੇ ਕੀਤਾ ਜੁਲਮ ਅੱਜ ਤੱਕ ਪੰਜਾਬ ਦੇ ਲੋਕ ਭੁੱਲੇ ਨਹੀਂ। ਮੋਦੀ ਜੀ ਦੀ ਕਾਰਗੁਜਾਰੀ ਪੂਰੀ ਤਰ੍ਹਾਂ ਪੰਜਾਬ ਵਿਰੋਧੀ ਹੈ। ਕਿਸਾਨ ਵਿਰੋਧੀ 3 ਕਾਲੇ ਕਾਨੂੰਨ ਵਾਪਿਸ ਲਏ ਗਏ ਤਾਂ ਮੋਦੀ ਜੀ ਦਾ ਐਲਾਨ ਸਿਰਫ ਐਲਾਨ ਹੀ ਰਹਿ ਗਿਆ। ਪੰਜਾਬ ਦੇ ਕਿਸਾਨਾਂ ਤੇ ਦਰਜ਼ ਕੀਤੇ ਮੁਕੱਦਮੇ ਵਾਪਿਸ ਨਹੀਂ ਲਏ ਗਏ, 700 ਤੋਂ ਵੱਧ ਕਿਸਾਨਾਂ, ਮਜਦੂਰਾਂ ਦੀਆਂ ਸ਼ਹੀਦੀਆਂ ਹੋ ਗਈਆਂ, ਮੋਦੀ ਜੀ ਵੱਲੋ ਕੋਈ ਰਾਹਤ ਨਹੀਂ ਦਿੱਤੀ ਗਈ। ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਨੂੰ ਕੋਈ ਇਨਸਾਫ ਨਹੀਂ। ਲੰਮਾ ਸਮਾਂ ਜੰਤਰ ਮੰਤਰ ਤੇ ਸ਼ਾਂਤਮਈ ਧਰਨੇ ਦੇ ਰਹੀਆਂ ਦੇਸ਼ ਦੀਆਂ ਬੱਚੀਆਂ ਨੂੰ ਕੋਈ ਇਨਸਾਫ ਨਹੀ ਦਿੱਤਾ ਗਿਆ। ਦੇਸ਼ ਦੇ ਪਬਲਿਕ ਸੈਕਟਰ ਦੇ ਅਦਾਰੇ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਵੱਡੇ ਕਾਰਪੋਰੇਟ ਘਰਾਣਿਆਂ ਦਾ 16 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜਾ ਮੁਆਫ ਕੀਤਾ ਗਿਆ। ਪੰਜਾਬ ਦੇ ਕਿਸਾਨਾਂ, ਮਜਦੂਰਾਂ ਨੂੰ ਕੋਈ ਪੈਕਜ ਨਹੀ ਦਿੱਤਾ ਗਿਆ। ਪੰਜਾਬੀਆਂ ਨਾਲ ਇਹ ਵਿਤਕਰਾਂ ਕਿਉਂ ਮੋਦੀ ਜੀ ਜੁਆਬ ਦੇਣ। ਪੰਜਾਬ ਦੀ ਤਰੱਕੀ ਲਈ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਰੂਰਲ ਡਿਵੈਲਪਮੈਂਟ ਦਾ ਫੰਡ ਕਿਉ ਰੋਕਿਆ ? ਨੈਸ਼ਨਲ ਹੈਲਥ ਮਿਸ਼ਨ ਦਾ ਪੈਸਾ ਕਿਉ ਰੋਕਿਆ ? ਪੰਜਾਬ ਵਿੱਚ ਕੁਦਰਤੀ ਆਫਤ

ਹੜਾ ਸਮੇਂ ਕੋਈ ਪੈਕਜ਼ ਕਿਉ ਨਹੀਂ ਦਿੱਤਾ ਮੋਦੀ ਜੀ ਜੁਆਬ ਦੇਣ। ਅੱਜ ਪਿਛਲੇ ਦਸ ਸਾਲ ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਹਰ ਪੱਧਰ ਤੇ ਵਿਤਕਰਾ ਕਰ ਪੰਜਾਬ ਨੂੰ ਬਰਬਾਦ ਕਰਨ, ਪੰਜਾਬ ਨੂੰ ਆਰਥਿਕ ਮੰਦਹਾਲੀ ਵੱਲ ਧੱਕਣ, ਪੰਜਾਬ ਦੇ ਵਪਾਰੀਆਂ, ਕਾਰਖਾਨੇਦਾਰਾਂ ਨਾਲ ਵਿਤਕਰਾ ਕਰ ਮੋਦੀ ਜੀ ਅੱਜ ਪੰਜਾਬ ਵਿੱਚ ਕਿਸ ਨੈਤਿਕਤਾ ਨਾਲ ਆ ਰਹੇ ਹਨ।

ਦੂਜੇ ਪਾਸੇ ਜਿਸ ਪ੍ਰਨੀਤ ਕੌਰ ਜੀ ਦੀ ਮਦਦ ਲਈ ਮਾਨਯੋਗ ਮੋਦੀ ਜੀ ਪਟਿਆਲਾ ਆ ਰਹੇ ਹਨ, ਨੇ ਕਾਂਗਰਸ ਪਾਰਟੀ ਤੋਂ 1998 ਤੋਂ ਮੈਂਬਰ ਪਾਰਲੀਮੈਂਟ ਅਤੇ ਕੇਂਦਰੀ ਵਜ਼ੀਰ ਬਣ ਕੇ ਵੀ ਕਦੇ ਪੰਜਾਬ ਜਾਂ ਪਟਿਆਲਾ ਦੀ ਆਰਥਿਕ ਤਰੱਕੀ ਲਈ ਕੋਈ ਕੰਮ ਨਹੀਂ ਕੀਤਾ। ਸਿਰਫ ਮੈਂਬਰ ਪਾਰਲੀਮੈਂਟ ਨੂੰ ਮਿਲਣ ਵਾਲਾ ਫੰਡ ਵੀ ਚਹੇਤਿਆਂ ਰਾਹੀ ਹੀ ਵੰਡ ਦਿੱਤਾ ਗਿਆ। ਸਰਬੱਤ ਦੇ ਭਲੇ ਲਈ ਕੋਈ ਪ੍ਰੋਗਰਾਮ ਅਤੇ ਨੀਤੀ ਨਹੀਂ ਬਣਾਈ। ਦੋ ਵਾਰੀ ਇਸ ਘਰ ਵਿੱਚ ਮੁੱਖ ਮਤੰਰੀ ਦੀ ਕੁਰਸੀ ਮਿਲੀ, ਪਰੰਤੂ ਪਟਿਆਲਾ ਦੇ ਆਮ ਲੋਕਾਂ ਦੀ ਖੁਸ਼ਹਾਲੀ ਲਈ ਕੋਈ ਪ੍ਰੋਗਰਾਮ ਨਹੀਂ ਬਣਾਇਆ ਗਿਆ। ਕੁਝ ਚਹੇਤਿਆਂ ਨੂੰ ਆਰਥਿਕ ਲਾਭ ਦੇ ਕੇ ਆਮ ਜਨਤਾ ਨਾਲ ਧੋਖਾ ਹੀ ਕੀਤਾ। ਪਟਿਆਲਾ ਦੇ ਲੋਕ ਸਭ ਦੇਖ ਰਹੇ ਹਨ, ਇਸ ਲਈ ਮੁੜ ਸੱਤਾ ਦੀਆਂ ਪੌੜੀਆਂ ਨਹੀਂ ਚੜਨ ਦੇਣਗੇ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੋ ਸਾਲਾਂ ਵਿੱਚ ਹਰ ਪਰਿਵਾਰ ਨੂੰ 600 ਯੂਨਿਟ ਮੁਫਤ ਬਿਜਲੀ, ਮੁਹੱਲਾ ਕਲੀਨਿਕ, ਸਕੂਲਾਂ ਦੀ ਦਸ਼ਾ ਵਿੱਚ ਸੁਧਾਰ, 43000 ਨੌਕਰੀਆਂ, ਭੈਣਾ ਨੂੰ ਮੁਫਤ ਬੱਸ ਸਫਰ, ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਪ੍ਰਾਈਵੇਟ ਥਰਮਲ ਖਰੀਦ ਕੇ ਪੰਜਾਬ ਦੇ ਲੋਕਾਂ ਨੂੰ ਸਮਰਪਿਤ ਕਰਕੇ ਹੋਰ ਲੋਕ ਭਲਾਈ ਦੇ ਸੈਂਕੜੇ ਕੰਮ ਕਰ ਕੇ ਪੰਜਾਬ ਦੀ ਜਨਤਾ ਦਾ ਪਿਆਰ ਅਤੇ ਵਿਸ਼ਵਾਸ ਜਿੱਤਿਆ ਹੈ। ਇਸ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਹਾਰ ਪੱਕੀ ਹੈ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਪੱਕੀ ਹੈ।

ਮੋਤੀ ਮਹਿਲ ਵਾਲਿਆਂ ਨੇ ਬੁਲਾ ਲਿਆ ਮੋਦੀ ਪਰ ਨਹੀਂ ਲੱਗਣੀ ਮਹਾਰਾਣੀ ਦੀ ਬੇੜੀ ਪਾਰ: ਐਨ ਕੇ ਸ਼ਰਮਾ

ਪਟਿਆਲਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਪਾਰਲੀਮਾਨੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਪਟਿਆਲਾ ਪਾਰਲੀਮਾਨੀ ਹਲਕੇ ਵਿਚ ਚੋਣ ਲੜ ਰਹੇ ਮੋਤੀ ਮਹਿਲ ਵਾਲਿਆਂ ਨੇ ਬੇਸ਼ੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦ ਲਿਆ ਹੈ ਪਰ ਇਸ ਨਾਲ ਵੀ ਮਹਾਰਾਣੀ ਪ੍ਰਨੀਤ ਕੌਰ ਦੀ ਬੇੜੀ ਪਾਰਕ ਹੋਣ ਵਾਲੀ ਨਹੀਂ ਹੈ।

ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਅੱਜ 47 ਡਿਗਰੀ ਤਾਪਮਾਨ ਵਿਚ ਅੰਤਾਂ ਦੀ ਗਰਮੀ ਵਿਚ ਵੀ ਅਕਾਲੀ ਦਲ ਦੇ ਪ੍ਰੋਗਰਾਮਾਂ ਵਿਚ ਹਜ਼ਾਰਾਂ ਦਾ ਇਕੱਠ ਹੋ ਰਿਹਾ ਹੈ। ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਅਕਾਲੀ ਦਲ ਬਹੁਤ ਵੱਡੀ ਲੀਡ ਨਾਲ ਜਿੱਤ ਗਿਆ ਹੈ ਤੇ ਸਿਰਫ ਐਲਾਨ ਹੋਣਾ ਬਾਕੀ ਹੈ।

ਮੀਡੀਆ ਦੇ ਸਵਾਲਾਂ ਦੇ ਜਵਾਬ ਵਿਚ ਐਨ ਕੇ ਸ਼ਰਮਾ ਨੇ ਕਿਹਾ ਕਿ ਇਹ ਰਿਵਾਜ ਹੋ ਗਿਆ ਹੈ ਕਿ ਰੱਜ ਕੇ ਝੂਠ ਬੋਲ ਕੇ ਸਰਕਾਰਾਂ ਬਣਾ ਲਈਆਂ। ਬਾਅਦ ਵਿਚ ਜਿਹੜੀਆਂ ਵੱਡੇ ਬਾਦਲ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਕੀਮਾਂ ਚਲਾਈਆਂ ਸੀ, ਉਹ ਸਭ ਬੰਦ ਕਰ ਦਿੱਤੀਆਂ ਹਨ।

ਉਹਨਾਂ ਦੱਸਿਆ ਕਿ ਪਹਿਲਾਂ ਬਾਦਲ ਸਰਕਾਰ ਵਿਚ 30 ਕਿਲੋ ਕਣਕ ਮਿਲ ਰਹੀ ਸੀ ਜੋ ਕਾਂਗਰਸ ਨੇ ਘਟਾ ਕੇ 15 ਕਿਲੋ ਕੀਤੀ ਤੇ ਹੁਣ ਇਹਨਾਂ ਨੇ 5 ਕਿਲੋ ਆਟਾ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਚੋਣਾਂ ਵਿਚ ਹੀ ਆਟਾ ਦਾਲ ਨਹੀਂ ਵੰਡੀ ਜਾ ਰਹੀ ਤਾਂ ਫਿਰ ਚੋਣਾਂ ਤੋਂ ਬਾਅਦ ਕੀ ਹਸ਼ਰ ਹੋਵੇਗਾ, ਇਸਦਾ ਅੰਦਾਜ਼ਾ ਸਹਿਜੇ ਲਗਾਇਆ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਜਿਹੜੇ ਸ਼ਾਹੀ ਮਹਿਲ ਵਾਲੇ ਚੋਣਾਂ ਲੜ ਰਹੇ ਹਨ, ਜੋ ਕਹਿੰਦੇ ਸੀ ਕਿ ਤੁਹਾਡੀ ਔਕਾਤ ਕੀ ਹੈ, ਉਹਨਾਂ ਨੂੰ ਅੱਜ ਚੋਣਾਂ ਲੜਨ ਵਾਅਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲਾਉਣ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਆਮ ਆਦਮੀ ਪਾਰਟੀ ਵੱਲੋਂ ਪ੍ਰਧਾਨ ਜੀਤਾ ਦੀ ਅਗਵਾਈ ਵਿੱਚ ਵਾਰਡ ਨੰਬਰ 2 ਵਿੱਚ ਘਰੋਂ ਘਰੀ ਪ੍ਰਚਾਰ

ਸ੍ਰੀ ਅਨੰਦਪੁਰ ਸਾਹਿਬ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਸਿਆਸੀ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੀ ਚੋਣ ਮੁਹਿਮ ਨੂੰ ਅੱਜ ਉਸ ਵੇਲੇ ਭਰਵਾ ਹੁੰਗਾਰਾ ਮਿਲਿਆ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ ਅਤੇ ਸਮੂਹ ਕੌਂਸਲਰਾਂ ਨੇ ਰਲ ਕੇ ਵਾਰਡ ਨੰਬਰ 2 ਵਿਖੇ ਭਰਵੀ ਮੀਟਿੰਗ ਕੀਤੀ ਅਤੇ ਘਰੋਂ ਘਰੀ ਪ੍ਰਚਾਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਅਨੰਦਪੁਰ ਸਾਹਿਬ ਨੇ ਕਿਹਾ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਦਾਖਲੇ ਮੌਕੇ ਬਣੇ ਪੰਜ ਪਿਆਰਾ ਪਾਰਕ ਨੇ ਬੀਤੇ ਸਮੇਂ ਦੋਰਾਨ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਪ੍ਰੰਤੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਨਿੱਜੀ ਰੁਚੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਿਹਾ ਹੈ ਤੇ ਉਕਤ ਪਾਰਕ ਦਾ 3 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਕੀਤਾ ਗਿਆ ਹੈ।

ਉਨਾਂ ਕਿਹਾ ਕਿ ਯਾਤਰੀ ਸੂਚਨਾ ਕੇਂਦਰ,ਕੁਦਰਤੀ ਪਾਰਕ,ਭਾਈ ਜੈਤਾ ਜੀ ਯਾਦਗਾਰ ਵਰਗੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿਨ ਰਾਤ ਮਿਹਨਤ ਕਰਕੇ ਉਕਤ ਪ੍ਰੋਜੈਕਟ ਪੂਰੇ ਕਰਵਾਏ ਗਏ ਉਹਨਾਂ ਨੇ ਕਿਹਾ ਕ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ ਜੀਰੋ ਆ ਰਿਹਾ ਹੈ ਅਤੇ ਸ਼ਹਿਰ ਵਿੱਚ ਜੋ ਪਾਣੀ ਦੇ ਬਿੱਲਾਂ ਦਾ ਮਸਲਾ ਸੀ ਉਹ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਵਿਸ਼ਵਾਸ ਦਵਾਇਆ ਗਿਆ ਹੈ ਕਿ ਸ਼ਹਿਰ ਵਿੱਚ ਪਾਣੀ ਦੇ ਬਿੱਲ ਸਬੰਧੀ ਜੋ ਸਮੱਸਿਆ ਹੈ ਉਸਦਾ ਜਲਦੀ ਹੱਲ ਕਰ ਦਿੱਤਾ ਜਾਵੇਗਾ ਮੁਹੱਲਾ ਕਲੀਨਿਕ,ਸਰਕਾਰੀ ਹਸਪਤਾਲਾਂ ਚ' ਮੁਫਤ ਮਿਲ ਰਹੀਆਂ ਦਵਾਈਆਂ, ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ ਵਿੱਚ ਮਲਵਿੰਦਰ ਸਿੰਘ ਕੰਗ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆ ਜਾਵੇ ਤਾਂ ਜੋ ਉਹ ਲੋਕ ਸਭਾ ਵਿੱਚ ਜਾ ਕੇ ਸਾਡੇ ਇਲਾਕੇ ਦੀ ਗੱਲ ਕਰ ਸਕਣ ਇਸ ਮੌਕੇ ਇੰਦਰਜੀਤ ਅਰੋੜਾ ਪ੍ਰਧਾਨ ਵਪਾਰ ਮੰਡਲ ਕੌਂਸਲਰ ਪ੍ਰਵੀਨ ਕੌਸ਼ਲ, ਕੌਂਸਲਰ ਗੁਰਪ੍ਰੀਤ ਕੌਰ ਕੌਂਸਲਰ ਬਿਕਰਮਜੀਤ ਸਿੰਘ ਸੰਧੂ, ਕੌਂਸਲਰ ਦਿਲਜੀਤ ਸਿੰਘ ਕੈਂਥ, ਕੌਂਸਲਰ ਜਸਬੀਰ ਕੌਰ ਗਰਚਾ , ਸੁਨੀਲ ਅਡਵਾਲ ਪ੍ਰਧਾਨ ਰੇੜੀ ਯੂਨੀਅਨ, ਇੰਦਰਜੀਤ ਸਿੰਘ ਰਾਜੂ, ਸ਼ਮੀ ਬਰਾਰੀ ਯੂਥ ਆਗੂ , ਬਲਾਕ ਪ੍ਰਧਾਨ ਠੇਕੇਦਾਰ ਜਗਜੀਤ ਸਿੰਘ ਜੱਗੀ ਅਤੇ ਦਵਿੰਦਰ ਸਿੰਘ ਛਿੰਦੂ, ਐਡਵੋਕੇਟ ਨਿਖਲ ਭਾਰਦਵਾਜ, ਵਾਲਮੀਕ ਸਭਾ ਪ੍ਰਧਾਨ ਰਵੀ ਹੰਸ, ਮਾਸਟਰ ਕੁਲਦੀਪ ਸਿੰਘ, ਇੰਦਰਜੀਤ ਕੌਸ਼ਲ, ਦਵਿੰਦਰ ਕੌਸ਼ਲ, ਕਿਸ਼ੋਰ ਕੁਮਾਰ ਮਿੰਟੂ ਪ੍ਰਧਾਨ ਕਬੀਰ ਪੰਥੀ, ਹਰਪਾਲ ਕੌਰ ਜ਼ਿਲਾ ਜੁਆਇੰਟ ਸਕੱਤਰ, ਹਰਮਿੰਦਰ ਕੌਰ, ਰਣਜੀਤ ਕੌਰ ਜਿਲਾ ਵਾਈਸ ਪ੍ਰਧਾਨ, ਬਲਜੀਤ ਕੌਰ, ਸਰਬਜੀਤ ਕੌਰ, ਹੈਪੀ ਜੱਸਲ, ਸੁਖਦੇਵ ਸਿੰਘ ਬੀਟੀ, ਲੱਕੀ ਅਨੰਦਪੁਰੀਆ, ਸੁਰਿੰਦਰ ਸਿੰਘ ਵਿੱਕੀ, ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਵਾਰਡ ਨੰਬਰ ਵਾਸੀ ਹਾਜ਼ਰ ਸਨ

ਕਾਂਗਰਸ ਦੇ ਰਾਜ ਭਾਗ ਨੇ ਬਰਬਾਦ ਕੀਤੇ ਦੇਸ਼ ਦੇ 60 ਸਾਲ: ਸੁਭਾਸ਼ ਸ਼ਰਮਾ

ਨਵਾਂ ਸ਼ਹਿਰ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾਕਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਕਾਂਗਰਸ ਅਤੇ ਇਸ ਦੇ ਸਹਿਯੋਗੀ ਦਲਾਂ ਨੇ ਮਿਲ ਕੇ ਦੇਸ਼ ਦੇ 60 ਸਾਲ ਬਰਬਾਦ ਕਰ ਦਿੱਤੇ। ਅੱਜ ਆਪਣੇ ਚੋਣ ਪ੍ਰਚਾਰ ਦੌਰਾਨ ਪਿੰਡ ਲੋਹਗੜ੍ਹ ਵਿਖੇ ਭਰਵੀਆਂ ਮੀਟਿੰਗਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਐਨ ਡੀ ਏ ਗਠਜੋੜ ਸਰਕਾਰ ਨੇ ਪੱਛੜੀਆ ਸ਼੍ਰੇਣੀਆਂ ਦੇ ਕਮਿਸ਼ਨ ਨੂੰ ਸੰਵਿਧਾਨਕ ਦਰਜ਼ਾ ਦੇ ਕੇ ਗਰੀਬਾਂ ਨੂੰ ਵੱਡੀ ਰਾਹਤ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਕਿ ਇਹ ਭਾਜਪਾ ਹੀ ਹੈ ਜਿਸ ਨੇ ਪਹਿਲਾਂ ਦਲਿਤ ਪੁੱਤਰ ਅਤੇ ਫਿਰ ਆਦਿਵਾਸੀ ਧੀ ਨੂੰ ਸਭ ਤੋਂ ਉੱਚੇ ਸੰਵਿਧਾਨਕ ਆਹੁਦੇ ਤੇ ਬਿਠਾਇਆ। ਉਨ੍ਹਾਂ ਕਿ ਕਾਂਗਰਸ ਦੇ ਸਾਰੇ ਪ੍ਰਧਾਨ ਮੰਤਰੀਆਂ ਨੇ ਓ ਬੀ ਸੀ ਰਿਜ਼ਰਵੇਸ਼ਨ ਦਾ ਵਿਰੋਧ ਕੀਤਾ।

ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਅਹਿਮ ਮੁੱਦੇ ਜਿਨ੍ਹਾਂ ਵਿੱਚ ਨਸ਼ਾ, ਬੇਰੋਜਗਾਰੀ, ਗੈਂਗਵਾਰ, ਭ੍ਰਿਸ਼ਟਾਚਾਰ ਖਤਮ ਕਰਨ ਅਤੇ ਸੂਬੇ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਵਿੱਚ ਆਮ ਆਦਮੀ ਪਾਰਟੀ ਨਾਕਾਮ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਦੇ ਸਮੇਂ ਵੀ ਮਕਾਨ ਬਨਾਉਣ ਮਹਿੰਗਾ ਸੀ ਅਤੇ ਹੁਣ ਵੀ ਰੇਤ-ਬਜਰੀ ਦੇ ਵਧੇ ਰੇਟਾਂ ਕਾਰਨ ਆਮ ਵਿਅਕਤੀ ਆਪਣਾ ਘਰ ਬਨਾਉਣ ਮੁਸ਼ਕਿਲ ਹੋ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਇੱਕੋਂ ਹਨ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਦੋਵੇਂ ਇਕੱਠੇ ਚੋਣ ਲੜ ਰਹੇ ਹਨ, ਪਰ ਪੰਜਾਬ ਵਿਚ ਇਕ ਦੂਜੇ ਨੂੰ ਗਾਲਾਂ ਕੱਢ ਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭ ਜਾਣਦੇ ਹਨ ਅਤੇ ਹੁਣ ਉਹ ਆਪ ਅਤੇ ਕਾਂਗਰਸ ਨੂੰ ਸਬਕ ਸਿਖਾਉਣ ਦੇ ਮੂਡ ਵਿੱਚ ਤਿਆਰ ਬੈਠੇ ਹਨ।

ਹਵਾਈ ਅੱਡੇ ਉੱਤੇ ਆਉਣ ਜਾਣ ਵਾਲੇ ਸਾਰੇ ਚਾਰਟਿਡ ਜਹਾਜਾਂ ਦੀ ਸੂਚਨਾ ਜਿਲਾ ਚੋਣ ਦਫਤਰ ਨੂੰ ਦਿੱਤੀ ਜਾਵੇ : ਥੋਰੀ

ਜਿਲਾ ਚੋਣ ਅਧਿਕਾਰੀ ਸ੍ਰੀ ਘਨਸਾਮ ਥੋਰੀ ਸ੍ਰੀ ਗੁਰੂ ਰਾਮਦਾਸ ਅੰਤਰਰਾਸਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ। ਨਾਲ ਨਜ਼ਰ ਆ ਰਹੇ ਹਨ ਪੁਲਿਸ ਕਮਿਸ਼ਨਰ ਸ: ਗੁਰਪ੍ਰੀਤ ਸਿੰਘ ਭੁੱਲਰ

ਅੰਮ੍ਰਿਤਸਰ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਚੋਣ ਅਧਿਕਾਰੀ ਸ੍ਰੀ ਘਨਸਾਮ ਥੋਰੀ ਨੇ ਸ੍ਰੀ ਗੁਰੂ ਰਾਮਦਾਸ ਅੰਤਰਰਾਸਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਹਦਾਇਤ ਕੀਤੀ ਕਿ ਚੋਣਾਂ ਦੇ ਚੱਲਦੇ ਹਵਾਈ ਅੱਡੇ ਉੱਤੇ ਆਉਣ ਵਾਲੇ ਸਾਰੇ ਚਾਰਟਿਡ ਜਹਾਜਾਂ ਅਤੇ ਹ

ਪਤੀ-ਪਤਨੀ ਦਾ ਰਿਸ਼ਤਾ ਅਜਿਹਾ ਹੈ ਜਿਸ ਨੂੰ ਸੱਤ ਜਨਮਾਂ ਦਾ ਸਾਥ ਕਿਹਾ ਜਾਂਦਾ ਹੈ। ਕੁਝ ਲੋਕ ਇਸ ਰਿਸ਼ਤੇ ਦੇ ਮਹੱਤਵ ਨੂੰ ਨਹੀਂ ਸਮਝਦੇ। ਉਹ ਨਿੱਤ ਕਿਸੇ ਨਾ ਕਿਸੇ ਗੱਲ ਦਾ ਕਲੇਸ਼ ਪਾ ਕੇ ਬੈਠ ਜਾਂਦੇ ਹਨ। ਅਜਿਹੀ ਹਾਲਤ 'ਚ ਘਰ ਦੀ ਸ਼ਾਂਤੀ ਖ਼ਤਮ ਹੋ ਜਾਂਦੀ ਹੈ...

ਰਿਸ਼ਤੇ ਨੂੰ ਬਣਾਵੇ ਖ਼ੂਬਸੂਰਤ ਚੰਗੀ ਬੋਲ-ਬਾਣੀ

ਨੂਰਦੀਪ ਕੋਮਲ

ਆਧੁਨਿਕ ਯੁੱਗ ਤੇਜ਼ੀ ਦਾ ਦੌਰ ਹੈ। ਹਰ ਵਿਅਕਤੀ ਬਦਲਦੇ ਸਮੇਂ ਦੀ ਚਾਲ ਨਾਲ ਦੌੜ ਰਿਹਾ ਹੈ। ਇਨਸਾਨ ਇਸ ਦੌੜ ਵਿਚ ਇੰਨਾ ਵਿਅਸਥ ਹੋ ਗਿਆ ਹੈ ਕਿ ਉਸ ਦੇ ਜੀਵਨ ਦਾ ਤਾਣਾ-ਬਾਣਾ ਹੀ ਉਲਝ ਗਿਆ ਹੈ। ਦਿਨ ਭਰ ਦੀ ਥਕਾਵਟ ਭਰੀ ਜ਼ਿੰਦਗੀ ਉਸ ਦੀ ਮਾਨਸਿਕਤਾ 'ਤੇ ਇਸ ਕਦਰ ਹਾਵੀ ਹੋ ਗਈ ਹੈ ਕਿ ਉਸ ਦਾ ਸੁਭਾਅ ਚਿੜਚਿੜਾ ਹੋ ਗਿਆ ਹੈ। ਉਹ ਮਾਨਸਿਕ ਤੌਰ 'ਤੇ ਹਰ ਵਕਤ ਖਿਝਿਆ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਉਹ ਨਾ ਤਾਂ ਚੈਨ ਦੀ ਜ਼ਿੰਦਗੀ ਜੀਅ ਪਾਉਂਦਾ ਹੈ ਤੇ ਨਾ ਹੀ ਚੈਨ ਦੀ ਨੀਂਦਰ ਸੌਂਦਾ ਹੈ। ਇਸੇ ਕਾਰਨ ਹੀ ਪਤੀ-ਪਤਨੀ ਵਿਚਲੇ ਲੜਾਈ-ਝਗੜੇ ਵਧਦੇ ਜਾ ਰਹੇ ਹਨ। ਅਕਸਰ ਵੇਖਣ ਵਿਚ ਆਇਆ ਹੈ ਕਿ ਅਜੋਕੇ ਦੌਰ ਵਿਚ ਹਰ ਵਿਅਕਤੀ ਆਪਣੀ ਸੋਚ ਨੂੰ ਮੁੱਖ ਰੱਖ ਕੇ ਜ਼ਿੰਦਗੀ ਦੇ ਫੈਸਲੇ ਲੈਂਦਾ ਹੈ। ਉਹ ਆਪਣੇ ਫ਼ੈਸਲਿਆਂ ਵਿਚ ਨਾ ਤਾਂ ਘਰ ਵਾਲਿਆਂ ਦੀ ਦਖ਼ਲ-ਅੰਦਾਜ਼ੀ ਪਸੰਦ ਕਰਦਾ ਹੈ ਤੇ ਨਾ ਬਾਹਰਲਿਆਂ ਦੀ। ਹਰ ਵਿਅਕਤੀ ਆਪਣੇ ਆਪ ਨੂੰ ਐਨਾ ਪਰਪੱਕ ਸਮਝਦਾ ਹੈ ਕਿ ਉਹ ਕਿਸੇ ਵੀ ਕੰਮ ਨੂੰ ਲੈ ਕੇ ਕਿਸੇ ਦੀ ਕੋਈ ਰਾਇ ਲੈਣਾ ਹੀ ਨਹੀਂ ਚਾਹੁੰਦਾ। ਪਤੀ-ਪਤਨੀ ਵਿਚਲੇ ਰਿਸ਼ਤੇ ਵਿਚ ਕੜਵਾਹਟ ਦਾ ਮੁੱਖ ਕਾਰਨ ਵੀ ਇਹੀ ਹੈ।

ਸੰਸਾਰ ਦਾ ਉੱਤਮ ਰਿਸ਼ਤਾ

ਪਤੀ ਤੇ ਪਤਨੀ ਦਾ ਰਿਸ਼ਤਾ ਸੰਸਾਰ ਵਿਚ ਸਭ ਤੋਂ ਉੱਤਮ ਰਿਸ਼ਤਾ ਹੈ। ਪਤੀ ਅਤੇ ਪਤਨੀ ਆਪਸ ਵਿਚ ਹਰ ਗੱਲ, ਦੁੱਖ-ਸੁੱਖ ਸਾਂਝਾ ਕਰ ਸਕਦੇ ਹਨ। ਪਤੀ-ਪਤਨੀ ਜੇਕਰ ਜ਼ਿੰਦਗੀ ਵਿਚਲੇ ਦੁੱਖਾਂ ਨੂੰ ਆਪਸ ਵਿਚ ਵੰਡ ਲੈਂਦੇ ਹਨ ਤਾਂ ਇਹ ਦੁੱਖ ਘੱਟ ਕੇ ਅੱਧੇ ਰਹਿ ਜਾਂਦੇ ਹਨ। ਸਿਆਣੇ ਲੋਕ ਅਕਸਰ ਹੀ ਕਹਿੰਦੇ ਹਨ ਦੁੱਖ ਵੰਡਿਆਂ ਘੱਟ ਜਾਂਦਾ ਹੈ ਤੇ ਖ਼ੁਸ਼ੀ ਵੰਡਣ ਨਾਲ ਦੂਣੀ ਹ�ो ਜਾਂਦੀ ਹੈ ਪਰ ਕਈ ਪਤੀ-ਪਤਨੀ ਰਿਸ਼ਤੇ ਦੀ ਖ਼ੂਬਸੂਰਤੀ ਨੂੰ ਨਹੀਂ ਸਮਝਦੇ, ਇਹੀ ਕਾਰਨ ਹੈ ਕਿ ਉਨ੍ਹਾਂ ਵਿਚ ਛੋਟੀਆਂ-ਮੋਟੀਆਂ ਗੱਲਾਂ 'ਤੇ ਹੀ ਵੱਡੇ ਝਗੜੇ ਹੋ ਜਾਂਦੇ ਹਨ। ਜੇਕਰ ਪਤੀ-ਪਤਨੀ ਇਕ ਦੂਜੇ ਦੀਆ ਜ਼ਰੂਰਤਾਂ ਨੂੰ ਸਮਝਣ ਤਾਂ ਉਹ ਆਪਣੇ ਵਿਚਲੇ ਰਿਸ਼ਤੇ ਦੀ ਤੰਦ ਨੂੰ ਹੋਰ ਮਜ਼ਬੂਤ ਕਰ ਸਕਦੇ ਹਨ। ਅਜੋਕੇ ਦੌਰ ਵਿਚ ਵਧਦੀ ਮਹਿੰਗਾਈ ਨੇ ਪਤੀ ਦੇ ਨਾਲ-ਨਾਲ ਪਤਨੀ ਨੂੰ ਵੀ ਕਮਾਉਣ ਲਈ ਮਜ਼ਬੂਰ ਕਰ ਦਿੱਤਾ ਹੈ। ਅੱਜ-ਕੱਲ੍ਹ ਪਤੀ ਅਤੇ ਪਤਨੀ ਦੋਵੇਂ ਮਿਲ ਕੇ ਕਮਾਉਂਦੇ ਤੇ ਪਰਿਵਾਰ ਪਾਲਦੇ ਹਨ ਪਰ ਇਹ ਅਕਸਰ ਵੇਖਣ ਵਿਚ ਆਇਆ ਹੈ ਕਿ ਉਹ ਦੋਵੇਂ ਆਪਣੇ-ਆਪਣੇ ਕਿੱਤੇ ਵਿਚ ਇਸ ਕਦਰ ਰੁੱਝ ਜਾਂਦੇ ਹਨ ਕਿ ਉਨ੍ਹਾਂ ਕੋਲ ਆਪਣੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਨਿਭਾਉਣ ਦਾ ਵੀ ਸਮਾਂ ਨਹੀਂ ਰਹਿੰਦਾ। ਇਸ ਤਰ੍ਹਾਂ ਬਹੁਤੇ ਲੋਕ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਨਰਕ ਬਣਾਈ ਰੱਖਦੇ ਹਨ। ਉਹ ਸਾਰੀ ਤਣਾਅ 'ਚ ਰਹਿੰਦੇ ਹਨ।

ਮੁਸ਼ਕਲਾਂ ਦਾ ਹੱਲ ਲੱਭਣਾ

ਅਜੋਕੇ ਦੌਰ ਦੇ ਮਨੁੱਖ ਨੂੰ ਪਰੇਸ਼ਾਨੀਆਂ ਨੇ ਘੇਰ ਰੱਖਿਆ ਹੈ ਪਰ ਪਤੀ-ਪਤਨੀ ਮਿਲ ਕੇ ਜੀਵਨ ਦੀਆਂ ਮੁਸ਼ਕਲਾਂ ਦਾ ਹੱਲ ਕੱਢ ਸਕਦੇ ਹਨ। ਜੇ ਪਤੀ-ਪਤਨੀ ਦਾ ਵਤੀਰਾ ਇਕ ਦੂਜੇ ਲਈ ਵਧੀਆ ਹੋਵੇਗਾ ਤਾਂ ਘਰ ਵਿਚ ਖ਼ੁਸ਼ੀ ਦਾ ਮਾਹੌਲ ਬਣਿਆ ਰਹੇਗਾ। ਪਤੀ-ਪਤਨੀ ਚਾਹੁਣ ਤਾਂ ਘਰ ਵਿਚ ਅਜਿਹੇ ਵਾਤਾਵਰਣ ਦੀ ਸਿਰਜਣਾ ਕਰ ਸਕਦੇ ਹਨ ਜਿਸ ਵਿਚ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨੂੰ ਵੀ ਬਿਹਤਰ ਬਣਾਇਆ ਜਾ ਸਕਦਾ ਹੈ। ਲੋੜ ਹੈ ਤਾਂ ਇਸ ਰਿਸ਼ਤੇ ਦੀ ਮਹੱਤਤਾ ਨੂੰ ਸਮਝਦੇ ਹੋਏ ਰਿਸ਼ਤੇ ਨੂੰ ਖ਼ੂਬਸੂਰਤੀ ਨਾਲ ਨਿਭਾਉਣ ਦੀ। ਬਹੁਤਿਆਂ ਕੇਸਾਂ ਵਿਚ ਪਤੀ-ਪਤਨੀ ਵਿਚਲੇ ਝਗੜੇ ਦਾ ਮੁੱਖ ਕਾਰਨ ਇਕ ਦੂਜੇ ਦੀ ਗੱਲ ਨੂੰ ਨਕਾਰਨਾ ਹੈ ਜੋ ਕਿ ਬਹੁਤ ਗ਼ਲਤ ਹੈ।

ਇਕ ਕਹੇ ਤੇ ਦੂਜਾ ਮੰਨੇ

ਪਤੀ-ਪਤਨੀ ਨੂੰ ਰਿਸ਼ਤੇ ਨੂੰ ਬਣਾਈ ਰੱਖਣ ਲਈ ਕੁੱਝ ਗੱਲਾਂ ਵਿਚ ਨਾ ਚਾਹੁੰਦੇ ਹੋਏ ਵੀ ਇਕ ਦੂਜੇ ਦੀ ਖ਼ੁਸ਼ੀ ਲਈ ਸਹਿਮਤ ਹੋਣਾ ਚਾਹੀਦਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ 'ਇਕ ਕਹੇ ਤੇ ਦੂਜਾ ਮੰਨੇ, ਫੇਰ ਉਹਦੀ ਰੱਬ ਵੀ ਨਾ ਭੰਨੇ।' ਕੁਝ ਗੱਲਾਂ ਜਿਵੇਂ ਕਿ ਦੂਜੇ ਦੀ ਗੱਲ ਮੰਨ ਕੇ ਚੱਲਣਾ, ਇਕ ਦੂਜੇ ਨੂੰ ਸਤਿਕਾਰ ਦੇਣਾ, ਇਕ ਦੂਜੇ ਦੀ ਸਲਾਹ ਨਾਲ ਕੰਮ ਕਰਨਾ, ਇਕ ਦੂਜੇ ਨੂੰ ਤਵੱਜੋ ਦੇਣਾ ਆਦਿ ਇਸ ਰਿਸ਼ਤੇ ਨੂੰ ਬਣਾਈ ਰੱਖਣ ਲਈ ਬਹੁਤ ਲਾਹੇਵੰਦ ਨੁਕਤੇ ਹਨ। ਪਤੀ-ਪਤਨੀ ਵਿਚਲੀ ਚੰਗੀ ਬੋਲ-ਬਾਣੀ ਵੀ ਰਿਸ਼ਤੇ ਵਿਚ ਮਿਠਾਸ ਦਾ ਕੰਮ ਕਰਦੀ ਹੈ। ਚੰਗੀ ਬੋਲ-ਬਾਣੀ ਰਿਸ਼ਤੇ ਨੂੰ ਨਿਖ਼ਾਰਨ ਦਾ ਕੰਮ ਕਰਦਾ ਹੈ। ਇਸ ਲਈ ਹਰ ਪਤੀ-ਪਤਨੀ ਨੂੰ ਚਾਹੀਦਾ ਹੈ ਕਿ ਵਿਚਾਰਾਂ ਦੀ ਸਾਂਝ ਵੇਲੇ ਚੰਗੀ ਬੋਲੀ ਦੀ ਵਰਤੋਂ ਕਰਨ ਤਾਂ ਜੋ ਉਨ੍ਹਾਂ ਵਿਚਲਾ ਪਿਆਰ ਬਣਿਆ ਰਹੇ। ਪਤੀ-ਪਤਨੀ ਦੋਹਾਂ ਦੇ ਹੀ ਇਕ ਦੂਜੇ ਪ੍ਰਤੀ ਕੁਝ ਫਰਜ਼ ਬਣਦੇ ਹਨ। ਪਤਨੀ ਨੂੰ ਚਾਹੀਦਾ ਹੈ ਕਿ ਉਹ ਇਸ ਖ਼ੂਬਸੂਰਤ ਰਿਸ਼ਤੇ ਨੂੰ ਸੋਹਣਾ ਬਣਾਉਣ ਲਈ ਹਰ ਸੰਭਵ ਯਤਨ ਕਰੇ। ਪਤੀ-ਪਤਨੀ ਦਾ ਸਾਥ ਅਜਿਹਾ ਹੈ ਜਿਸ ਨੂੰ ਸੱਤ ਜਨਮਾਂ ਦਾ ਸਾਥ ਕਿਹਾ ਜਾਂਦਾ ਹੈ ਪਰ ਕੁਝ ਲੋਕ ਇਸ ਰਿਸ਼ਤੇ ਦੇ ਮਹੱਤਵ ਨੂੰ ਨਹੀਂ ਸਮਝਦੇ ਅਤੇ ਨਿੱਤ ਕਿਸੇ ਨਾ ਕਿਸੇ ਗੱਲ ਦਾ ਕਲੇਸ਼ ਪਾ ਕੇ ਬੈਠ ਜਾਂਦੇ ਹਨ ਇਹੀ ਕਾਰਨ ਹੈ ਕਿ ਅੱਜ ਤਲਾਕਾਂ ਦੀ ਗਿਣਤੀ ਵਿਚ ਅੱਗੇ ਨਾਲੋਂ ਕਈ ਗੁਣਾ ਵਾਧਾ ਹੋਇਆ ਹੈ। ਪਤੀ-ਪਤਨੀ ਵਿਚਲੇ ਰਿਸ਼ਤੇ ਨੂੰ ਬਰਕਰਾਰ ਰੱਖਣ ਲਈ ਸਭ ਤੋਂ ਜ਼ਰੂਰੀ ਹੈ ਇਕ ਦੂਜੇ ਨੂੰ ਸਤਿਕਾਰ ਦੇਣਾ।

98146-34446

ਇਕ ਦੂਜੇ 'ਤੇ ਵਿਸ਼ਵਾਸ

ਅਕਸਰ ਵੇਖਿਆ ਗਿਆ ਹੈ ਕਿ ਸ਼ੱਕ ਵੀ ਪਤੀ-ਪਤਨੀ ਦੇ ਰਿਸ਼ਤੇ ਵਿਚ ਦਰਾਰ ਲਿਆਉਣ ਦਾ ਮੁੱਖ ਕਾਰਨ ਬਣਦਾ ਹੈ। ਪਤੀ-ਪਤਨੀ ਦਾ ਰਿਸ਼ਤਾ ਸੰਸਾਰ ਵਿਚ ਸਭ ਤੋਂ ਪਵਿੱਤਰ ਰਿਸ਼ਤਾ ਹੈ ਜੇ ਇਸ ਵਿਚ ਸ਼ੱਕ ਆ ਜਾਵੇ ਤਾਂ ਇਸ ਨੂੰ ਟੁੱਟਦੇ ਦੇਰ ਨਹੀਂ ਲਗਦੀ। ਇਸ ਨਾਲ ਰਿਸ਼ਤੇ ਵਿਚ ਇਕ ਦੂਜੇ 'ਤੇ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ। ਵਿਸ਼ਵਾਸ ਇਕ ਅਜਿਹਾ ਮਜ਼ਬੂਤ ਧਾਗਾ ਹੈ ਜੋ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤੀ ਨਾਲ ਜੋੜ ਕੇ ਰੱਖਦਾ ਹੈ। ਵਿਸ਼ਵਾਸ ਦੇ ਸਿਰ 'ਤੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਕੁਝ ਪਤੀ-ਪਤਨੀ ਨਿੱਤ ਹੀ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਝਗੜਦੇ ਰਹਿੰਦੇ ਹਨ ਇਸ ਨੇ ਨਾਲ ਇਕ ਤਾਂ ਉਨ੍ਹਾਂ ਦੇ ਰਿਸ਼ਤੇ ਵਿਚ ਕੜਵਾਹਟ ਦਾ ਵਾਧਾ ਹੁੰਦਾ ਹੈ ਦੂਜਾ ਉਨ੍ਹਾਂ ਦੇ ਬੱਚਿਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਸਿਆਣੇ ਆਖਦੇ ਹਨ ਕਿ ਨਿੱਤ ਦਾ ਕਲੇਸ਼ ਘਰਾਂ ਨੂੰ ਖਾ ਜਾਂਦਾ ਹੈ। ਪਤੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਤਨੀ ਨਾਲ ਵੱਧ ਤੋਂ ਵੱਧ ਸਮਾਂ ਬਿਤਾਏ ਅਤੇ ਉਸ ਦੀਆਂ ਗੱਲਾਂ ਨੂੰ ਸੁਣੇ ਅਤੇ ਆਪਣੀਆਂ ਗੱਲਾਂ ਨੂੰ ਉਸ ਨਾਲ ਸਾਂਝਾ ਕਰੇ ਤਾਂ ਜੋ ਉਹ ਇਕ ਦੂਜੇ ਦੇ ਨਜ਼ਦੀਕ ਰਹਿਣ ਅਤੇ ਉਨ੍ਹਾਂ ਵਿਚਲੀਆਂ ਦੂਰੀਆਂ ਨਾ ਬਣਨ।

ਯਾਦਾਂ ਦੀ ਖ਼ੁਸ਼ਬੋ

ਪ੍ਰੋ. ਹਰਜਿੰਦਰ ਭੋਤਨਾ

ਕਿਹਾ ਜਾਂਦਾ ਹੈ ਹਮੇਸ਼ਾਂ ਚੜ੍ਹਦਾ ਅਤੇ ਡੁੱਬਦਾ ਸੂਰਜ ਹੀ ਬਹੁਤ ਸੋਹਣਾ ਦ੍ਰਿਸ਼ ਪੇਸ਼ ਕਰਦਾ ਹੈ। ਅਸਲ ਵਿਚ ਇਸ ਘਟਨਾ ਚੱਕਰ ਦੇ ਦੋ ਹੀ ਪੱਖ ਹੁੰਦੇ ਹਨ ਇਕ ਉਹ ਸ਼ੁਰੂ ਤੋਂ ਅਗਲੇ ਪੜਾਅ ਵੱਲ ਵੱਧ ਰਿਹਾ ਹੁੰਦਾ ਹੈ ਦੂਜਾ ਪੱਖ ਜਿੱਥੇ ਉਹ ਆਪਣੇ ਮੁਕਾਮ ਦਾ ਆਖਰੀ ਹਿੱਸਾ ਪਾਰ ਕਰਦਾ ਹੈ । ਠੀਕ ਉਸੇ ਤਰ੍ਹਾਂ ਹੀ ਮਨੁੱਖੀ ਜੀਵਨ ਦਾ ਇਕ ਚੱਕਰ ਹੁੰਦਾ ਹੈ ਜੋ ਜਨਮ ਤੋਂ ਸ਼ੁਰੂ ਹੋ ਕੇ ਆਪਣੇ ਆਖਰੀ ਮੁਕਾਮ ਤਕ ਪਹੁੰਚਦਾ ਹੈ। ਇਸ ਲੰਬੀ ਜੀਵਨ ਸਾਧਨਾਂ ਵਿਚ ਮਨੁੱਖ ਨੂੰ ਅਨੇਕਾਂ ਜੀਵਨ ਸੰਘਰਸ਼ ਕਰਨੇ ਪੈਂਦੇ ਹਨ। ਜਿਸ ਵਿਚ ਦੁੱਖ-ਸੁੱਖ, ਜਿੱਤਾਂ ਹਾਰਾਂ, ਸਫ਼ਲਤਾਵਾਂ-ਅਸਫ਼ਲਤਾਵਾਂ , ਲੰਬੀ ਸਾਧਨਾਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖ ਇਸ ਸਾਧਨਾਂ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਹੈ। ਇਸ ਸੰਘਰਸ਼ ਨੂੰ ਆਪਣੇ ਹੱਡੀਂ ਹੰਢਾਉਂਦਾ ਹੈ। ਉਸ ਕੋਲ ਯਾਦਾਂ ਦਾ ਖ਼ਜ਼ਾਨਾ ਹੁੰਦਾ ਹੈ। ਦੂਜੇ ਪਾਸੇ ਜੀਵਨ ਸੰਘਰਸ਼ ਵਿੱਚੋਂ ਭੱਜਣ ਵਾਲੇ ਲੋਕਾਂ ਦਾ ਜੀਵਨ ਖ਼ੁਸ਼ਕ ਤੇ ਅਨਮੋਲ ਯਾਦਾਂ ਤੋਂ ਸੱਖਣਾ ਹੁੰਦਾ ਹੈ। ਉਹ ਲੋਕ ਅਸਲੀ ਜੀਵਨ ਅਨੰਦ ਤੋਂ ਸੱਖਣੇ ਹੁੰਦੇ ਹਨ। ਉਨ੍ਹਾਂ ਦੇ ਜੀਵਨ ਵਿਚ ਵਿਸਾਲਤਾ ਦੀ ਕਮੀਂ ਹੁੰਦੀ ਹੈ। ਬਹੁਤ ਸਾਰੇ ਲੋਕ ਬੇਸ਼ੁਮਾਰ ਧਨ ਦੌਲਤ, ਜ਼ਮੀਨ, ਮਕਾਨ, ਗਹਿਣੇ ਦੇ ਮਾਲਕ ਹੁੰਦੇ ਹਨ ਪਰ ਉਨ੍ਹਾਂ ਕੋਲ ਯਾਦਾਂ ਦਾ ਅਨਮੋਲ ਖ਼ਜ਼ਾਨਾ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਧਨ ਜੋੜਨ ਵਿਚ ਲਗਾ ਦਿੱਤੀ ਹੁੰਦੀ ਹੈ। ਜ਼ਿਆਦਾ ਧਨ ਜੋੜੂਨ ਲਈ ਉਮੰਗਾਂ ਨੂੰ ਦਬਾਉਣਾ ਪੈਂਦਾ ਹੈ। ਉਮੰਗਾਂ ਨੂੰ ਕਿਨਾਰੇ ਲਾ ਕੇ ਪ੍ਰਾਪਤ ਕੀਤੀ ਖ਼ੁਸ਼ੀ ਸਦੀਵੀ ਨਹੀਂ ਹੁੰਦੀ। ਉਨ੍ਹਾਂ ਨੇ ਜ਼ਿੰਦਗੀ ਨੂੰ ਮਾਣਿਆਂ ਨਹੀਂ ਹੁੰਦਾ। ਕੇਵਲ ਧਨ ਦੌਲਤ, ਸੰਪਤੀ, ਹੀਰੇ-ਮੋਤੀ ਹੀ ਜ਼ਾਇਦਾਦ ਨਹੀਂ ਹਨ। ਜੀਵਨ ਸੰਘਰਸ਼ ਕਰਦਿਆਂ ਜ਼ਿੰਦਗੀ ਦਾ ਅਨੰਦ ਮਾਣਦਿਆਂ ਇਕੱਠੀਆਂ ਕੀਤੀਆਂ ਕੀਮਤੀ ਯਾਦਾਂ ਵੀ ਜ਼ਿੰਦਗੀ ਦੀ ਜਾਇਦਾਦ ਹਨ। ਹਰ ਮਨੁੱਖ ਦੀਆਂ ਆਪਣੀਆਂ ਖਾਹਿਸ਼ਾਂ, ਉਮੰਗਾਂ ਹੁੰਦੀਆਂ ਹਨ। ਅਸੀਂ ਆਮ ਤੌਰ 'ਤੇ ਸੋਚਦੇ ਹਾਂ ਜਿਸ ਕੋਲ ਜ਼ਿਆਦਾ ਧਨ ਹੋਵੇਗਾ ਉਹ ਜ਼ਿਆਦਾ ਖ਼ੁਸ਼ ਹੋਵੇਗਾ ਪਰ ਬਹੁਤ ਸਾਰੇ ਲੋਕ ਧਨ ਹੋਣ ਦੇ ਬਾਵਜੂਦ ਆਪਣੀਆਂ ਉਮੰਗਾਂ ਦੀ ਪੂਰਤੀ ਨਹੀਂ ਕਰ ਸਕਦੇ। ਚੰਗੇ ਜੀਵਨ ਦੇ ਲਈ ਉੱਚੀ-ਸੁੱਚੀ ਸੋਚ ਦਾ ਹੋਣਾ ਲਾਜ਼ਮੀਂ ਹੈ। ਬਹੁਤ ਖ਼ੁਸ਼ਗਵਾਰ ਸੋਹਣਾ ਮੌਸਮ ਵੀ ਚੰਗਾ ਨਹੀਂ ਲੱਗਦਾ ਜੇਕਰ ਜ਼ਿੰਦਗੀ ਦੀਆਂ ਖ਼ੁਸ਼ਗਵਾਰ ਯਾਦਾਂ ਕੋਲ ਨਾ ਹੋਣ। ਯਾਦਾਂ ਓਦੋਂ ਪੈਦਾ ਹੋਣਗੀਆਂ ਜਦੋਂ ਵਿਅਕਤੀ ਜ਼ਿੰਦਗੀ ਦੀ ਹਕੀਕਤ ਨਾਲ ਜੁੜੇਗਾ। ਕੁਦਰਤ ਦੀ ਕਾਇਨਾਤ ਨੂੰ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰੇਗਾ ਸਗੋਂ ਉਸ ਨਾਲ ਇੱਕਮਿਕ ਹੋਵੇਗਾ। ਹੱਥੀਂ

ਕਿਰਤ ਕਰੇਗਾ।

ਮਿਹਨਤ ਦੇ ਸੰਕਲਪ ਨੂੰ ਜੀਵਨ ਨਾਲ ਜੋੜੇਗਾ। ਮਨੁੱਖ ਦੇ ਅਤੀਤ ਦਾ ਸਬੰਧ ਆਉਣ ਵਾਲੇ ਵਰਤਮਾਨ ਅਤੇ ਭਵਿੱਖ ਨਾਲ ਹਮੇਸ਼ਾਂ ਜੁੜਿਆ ਹੁੰਦਾ ਹੈ। ਉਸ ਦੇ ਯਾਦਾਂ ਦੇ ਪਰਛਾਵਿਆਂ ਨਾਲ ਰਹਿੰਦੀ ਜ਼ਿੰਦਗੀ ਰੰਗੀਨ ਤੇ ਖ਼ੁਸ਼ਗਵਾਰ ਬਣਦੀ ਹੈ। ਮਨੁੱਖ ਨੂੰ ਇਹ ਵੀ ਪਤਾ ਹੈ ਕਿ ਉਸ ਦਾ ਜੀਵਨ ਹਮੇਸ਼ਾਂ ਨਹੀਂ ਰਹਿਣ ਵਾਲਾ ਪਰ ਉਸ ਦੁਆਰਾ ਪੈਦਾ ਕੀਤਾ ਗਿਆ ਸੰਦੇਸ਼ ਤੇ ਸੁਨੇਹਾ ਲੋਕਾਂ ਲਈ ਮਾਰਗਦਰਸ਼ਨ ਜ਼ਰੂਰ ਬਣੇਗਾ। ਇਸ ਲਈ ਜ਼ਰੂਰੀ ਹੈ ਸੌੜੀ ਤੇ ਮੌਕਾਪ੍ਰਸਤ ਸੋਚ ਨੂੰ ਤਿਆਗ ਕੇ ਮਨੁੱਖ ਲੰਬੇ ਰਾਹਾਂ ਦਾ ਪਾਂਧੀ ਬਣੇ ਇਸ ਤਰ੍ਹਾਂ ਕੁਦਰਤ ਨਾਲ ਉਸ ਦਾ ਸਾਂਝ ਵਧੇਗੀ।

94635-12720

ਉਹ ਸਿਆਣੇ ਨਹੀਂ ਸਨ

ਅਸੀਂ ਆਪਣੇ-ਆਪ ਨੂੰ ਛੋਟਾ ਕਰ ਲਿਆ ਸੀ। ਉਹ ਸਿਆਣੇ ਨਹੀਂ ਸਨ, ਅਸੀਂ ਅੰਧਵਿਸ਼ਵਾਸੀ ਸਾਂ। ਅਸੀਂ ਹੀ ਨਿਰਣਾ ਕਰ ਲਿਆ ਸੀ ਕਿ ਚੋਲਾਂ ਵਰਗਾ ਰੰਗ, ਕਣਕ ਵਾਲੇ ਰੰਗ ਨਾਲੋਂ ਸੋਹਣਾ ਹੁੰਦਾ ਹੈ। ਅਸੀਂ ਸਾਬਤ ਕਰ ਵਿਖਾਇਆ ਹੈ ਕਿ ਪਤਲੂਨ ਪਾਉਣਾ, ਪਜਾਮੇ ਅਤੇ ਤਹਿਮਤ ਨਾਲੋਂ ਉਚੇਰੀ ਸੰਭਿਅਤਾ ਹੈ। ਆਪਣੇ ਦੇਸ਼ 'ਚ ਘਰ ਸਾਫ਼ ਕਰਨਾ ਨੀਵੀਂ ਜਾਤ ਦਾ ਕੰਮ ਹੈ ਪਰ ਪ੍ਰਦੇਸ ਵਿਚ ਸੜਕ ਸਾਫ਼ ਕਰਦਿਆਂ, ਸਾਡੀ ਜਾਤ ਨੂੰ ਕੋਈ ਫ਼ਰਕ ਨਹੀਂ ਪੈਂਦਾ। ਪੜ੍ਹਿਆ-ਲਿਖਿਆ ਮਨੁੱਖ ਅਸੀਂ ਉਸ ਨੂੰ ਸਮਝਦੇ ਹਾਂ, ਜਿਹੜਾ ਆਪਣੀ ਜ਼ੁਬਾਨ 'ਚ ਗੱਲ ਨਾ ਕਰੇ। ਅਸੀਂ ਸਮਝਦੇ ਹਾਂ ਕਾਰ 'ਚ ਜਾਂਦਾ ਬੰਦਾ , ਬੱਸ-ਗੱਡੀ 'ਚ ਜਾਣ ਵਾਲੇ ਨਾਲੋਂ ਉੱਚਾ ਹੁੰਦਾ ਹੈ। ਵਿਕਾਸ ਕਰਨ ਦਾ ਅਰਥ ਮਾਂ ਨੂੰ ਖ਼ਤ ਲਿਖਣ ਦੀ ਥਾਂ ਮਦਰਜ਼-ਡੇ ਦਾ ਕਾਰਡ ਭੇਜ ਦੇਣਾ ਸਮਝ ਲਿਆ ਗਿਆ ਹੈ। ਸਾਡੇ ਨਿਰਣਾ ਕਰਨ ਦੀ ਦੇਰ ਸੀ। ਆਪਣੇ- ਆਪ ਨੂੰ ਛੋਟਾ ਮੰਨਣ ਦੀ ਦੇਰ ਸੀ, ਫਿਰ ਉਨ੍ਹਾਂ ਨੂੰ ਸਾਡੇ ਤੋਂ ਵੱਡੇ ਬਣਨ 'ਚ ਕੋਈ ਦੇਰ ਨਹੀਂ ਲੱਗੀ। ਸਾਡੇ ਝੁਕਣ ਦੀ ਦੇਰ ਸੀ , ਉਹ ਪਲਾਕੀ ਮਾਰ ਕੇ ਸਾਡੇ 'ਤੇ ਸਵਾਰ ਹੋ ਗਏ। ਸਾਨੂੰ ਝੁਕਾਉਣ ਲਈ ਇੱਥੇ ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਹੁਨ ਆਏ, ਮੁਗ਼ਲ ਆਏ, ਪੁਰਤਗਾਲੀ, ਫ਼ਰਾਂਸੀਸੀ ਅਤੇ ਅੰਗਰੇਜ਼ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ? ਜੇ ਉਹ ਆ ਜਾਂਦੇ ਤਾਂ ਉਨ੍ਹਾਂ ਨੇ ਵੀ ਸਾਡੇ 'ਤੇ ਰਾਜ ਹੀ ਕਰਨਾ ਸੀ ਕਿਉਂਕਿ ਅਸੀਂ ਗੁਲਾਮ ਬਣਨ ਵਿਚ ਮਾਹਿਰ ਸਾਂ ।

• ਨਰਿੰਦਰ ਸਿੰਘ ਕਪੂਰ

ਆਪਸ

ਸੰਪਾਦਕੀ

ਦਲ ਬਦਲ ਬੇਦਾਵਾ ਹੈ

ਹਾਂ ਦਲ ਬਦਲ ਬੇਦਾਵਾ ਹੈ। ਕਿਸੇ ਵੀ ਵਿਚਾਰਧਾਰਾ, ਸੰਗਠਨ, ਪਾਰਟੀ ਤੋਂ ਬੇਮੁਖ ਹੋ ਜਾਣਾ ਉਸ ਨੂੰ ਬੇਦਾਵਾ ਦੇਣਾ ਹੁੰਦਾ ਹੈ। ਦਲ ਬਦਲੂਆਂ ਦੇ ਪਿਛੋਕੜ, ਦਲ ਬਦਲੀ ਦੇ ਕਾਰਨ, ਮਾਂ ਪਾਰਟੀ ਦਾ ਭਵਿੱਖ, ਮਾਂ ਪਾਰਟੀ ਵਿੱਚੋਂ ਜਾ ਕੇ ਦਲ ਬਦਲੂ ਦਾ ਭਵਿੱਖ, ਨਵੀਂ ਪਾਰਟੀ ਦੀ ਚਰਾਗਾਹ ਵਿੱਚ ਮੌਜਾਂ, ਰਾਜਨੀਤੀ ਵਿੱਚ ਸਿਧਾਂਤਹੀਣਤਾ, ਰਾਜਨੀਤੀਵਾਨਾਂ ਵਿੱਚ ਨੈਤਿਕਤਾ ਤੇ ਸ਼ਰਮ ਹਯਾ ਦਾ ਮਰ ਜਾਣਾ ਅਤੇ ਅੰਤ ਨੂੰ ਵੋਟਰਾਂ ਤੇ ਲੋਕਾਂ ਨੂੰ ਬੁੱਧੂ ਸਮਝ ਕੇ ਕਿਸੇ ਵੀ ਮਖੌਟੇ ਨਾਲ ਉਨ੍ਹਾਂ ਵੱਲੋਂ ਕਬੂਲੇ ਜਾਣ ਦਾ ਭਰੋਸਾ ਆਦਿ ਪਹਿਲੂ ਹਨ ਜਿਨ੍ਹਾਂ ਬਾਰੇ ਵਿਸਥਾਰ ਨਾਲ ਚਰਚਾ ਕਰਨ ਦੀ ਲੋੜ ਹੈ। ਚਾਲੀ ਮੁਕਤਿਆਂ ਨੇ ਬੇਦਾਵੇ ਦਾ ਕਲੰਕ ਸ਼ਹੀਦੀਆਂ ਪਾ ਕੇ ਉਤਾਰਿਆ ਸੀ, ਅੱਜ ਦੇ ਇਨ੍ਹਾਂ ਬੇਦਾਵਿਆਂ ਦਾ ਕਲੰਕ ਇਹ ਦਲ ਬਦਲੂ ਕਿਵੇਂ ਉਤਾਰਨਗੇ? ਜਿਨ੍ਹਾਂ ਲੀਡਰਾਂ ਦੀਆਂ ਪੀੜ੍ਹੀਆਂ ਨੇ ਪਾਰਟੀ ਤੋਂ ਰੱਜ ਰੱਜ ਸਨਮਾਨ, ਅਹੁਦੇ ਤੇ ਪਰਮਿਟ ਲਏ, ਰਿਸ਼ਤੇਦਾਰ ਤਕ ਰੱਜਦੇ ਪੁੱਜਦੇ ਕੀਤੇ, ਉਹਨਾਂ ਬਾਰੇ ਹੁਣ ਕੀ ਕਹੀਏ? ਕੋਈ ਦਲ ਜਾਂ ਪਾਰਟੀ ਕੌਮੀ ਜਾਂ ਖੇਤਰੀ ਕਿਸੇ ਵਿਚਾਰਧਾਰਾ ਦੇ ਤੰਦ ਤਾਣੇ ਤੋਂ ਬਣੀ ਹੁੰਦੀ ਹੈ। ਇਸ ਤੰਦ ਤਾਣੇ ਵਿੱਚ ਬੱਝੇ ਲੋਕ, ਉਨ੍ਹਾਂ ਲੋਕਾਂ ਦੇ ਸਮਾਜਿਕ, ਆਰਥਿਕ ਇਥੋਂ ਤਕ ਕਿ ਧਾਰਮਿਕ ਹਿਤਾਂ ਨੂੰ ਠੇਸ ਪਹੁੰਚਾਉਣ ਵਾਲੇ ਵਿਚਾਰਾਂ ਅਤੇ ਲੋਕਾਂ ਦੀ ਨਿਸ਼ਾਨਦੇਹੀ, ਫਿਰ ਉਨ੍ਹਾਂ ਤੋਂ ਬਚਾਅ ਦੀ ਰਣਨੀਤੀ, ਵਿਸ਼ੇਸ਼ ਹਾਲਾਤ ਵਿੱਚ ਆਪਣੀ ਵਿਚਾਰਧਾਰਾ ਦੇ ਮੂਲ ਆਧਾਰ ਤੇ ਪਛਾਣ ਨੂੰ ਕਾਇਮ ਰੱਖਦਿਆਂ ਦੂਜੇ ਦਲਾਂ ਜਾਂ ਪਾਰਟੀਆਂ ਨੂੰ ਸਹਿਯੋਗ ਦੇਣਾ ਤੇ ਲੈਣਾ ਆਦਿ ਤੈਅ ਹੁੰਦਾ ਹੈ। ਇਸ ਅਮਲ ਵਿੱਚ ਦਲ ਜਾਂ ਪਾਰਟੀ ਨੇ ਆਪਣੀ ਪਛਾਣ ਕਾਇਮ ਹੀ ਨਹੀਂ ਰੱਖਣੀ ਹੁੰਦੀ ਸਗੋਂ ਇਸ ਨੂੰ ਹੋਰ ਮਜ਼ਬੂਤੀ ਵੀ ਦੇਣੀ ਹੁੰਦੀ ਹੈ। ਕਮਿਊਨਿਸਟਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਵਿਸ਼ੇਸ਼ ਹਾਲਾਤ ਵਿੱਚ ਸਹਿਯੋਗ ਲਿਆ ਅਤੇ ਦਿੱਤਾ ਜਾਂਦਾ ਰਿਹਾ ਹੈ ਪਰ ਉਨ੍ਹਾਂ ਨੇ ਆਪਣੇ ਨਿਯਮਾਂ ਨੂੰ ਨਾ ਹੀ ਪੇਤਲਾ ਪੈਣ ਦਿੱਤਾ ਅਤੇ ਨਾ ਹੀ ਭ੍ਰਿਸ਼ਟ ਹੋਣ ਦਿੱਤਾ। ਸੋ, ਆਪਣੇ ਦਲ ਜਾਂ ਪਾਰਟੀ ਨੂੰ ਛੱਡ ਕੇ ਕਿਸੇ ਦੂਜੇ ਦਲ ਜਾਂ ਪਾਰਟੀ ਵਿੱਚ ਜਾਣਾ ਹੀ ਬੇਦਾਵਾ ਨਹੀਂ ਹੁੰਦਾ, ਆਪਣੀ ਪਾਰਟੀ ਵਿੱਚ ਰਹਿੰਦਿਆਂ ਆਪਣੀ ਪਾਰਟੀ ਦੀ ਪਛਾਣ, ਮੂਲ ਅਧਾਰ, ਇਤਿਹਾਸਕ ਵਿਰਸੇ ਨੂੰ ਗੁਆ ਲੈਣਾ, ਰਾਖੀ ਨਾ ਕਰਨਾ ਵੀ ਬੇਦਾਵਾ ਹੀ ਗਿਣਿਆ ਜਾਵੇਗਾ। ਇਸ ਦਿਸ਼ਾ ਤੋਂ ਪੰਜਾਬ ਦੀ ਸਿਆਸਤ ਵਿੱਚ ਪਹਿਲਾ ਬੇਦਾਵਾ ਪ੍ਰਕਾਸ਼ ਸਿੰਘ ਬਾਦਲ ਦਾ ਹੈ ਜਿਸ ਨੇ ਜਨਸੰਘ ਨਾਲ ਸਮਝੌਤਾ/ਗਠਜੋੜ ਕਰ ਕੇ ਉਸ ਵਿਚਾਰਧਾਰਾ ਨੂੰ ਸੂਬੇ ਦੀ ਰਾਜ ਸੱਤਾ ਦਾ ਭਾਈਵਾਲ ਬਣਾਇਆ ਜਿਸ ਦਾ ਪੰਜਾਬੀ ਸਭਿਆਚਾਰ, ਪੰਜਾਬ ਦੀਆਂ ਸਾਮਰਾਜ ਵਿਰੁੱਧ ਕੁਰਬਾਨੀਆਂ ਇਥੋਂ ਤਕ ਕਿ ਗੁਰਬਾਣੀ ਵਿੱਚ ਵਾਰ-ਵਾਰ ਦੁਹਰਾਏ, ਦ੍ਰਿੜਾਏ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਵਿਚਾਰ ਨਾਲ ਸਿਧਾਂਤਕ ਮਤਭੇਦ ਦੇ ਬਾਵਜੂਦ ਭਾਈਵਾਲੀ ਪਾਈ। ਸ਼੍ਰੋਮਣੀ ਅਕਾਲੀ ਦਲ ਦਾ ਜੇ ਪੰਥ ਨਾਲ ਕੋਈ ਰਿਸ਼ਤਾ ਸੀ ਤਾਂ ਉਹ ਰਿਸ਼ਤਾ ਮੰਗ ਕਰਦਾ ਸੀ ਕਿ ਆਰਐੱਸਐੱਸ ਦੇ ਉਸ ਹਿੰਦੂ ਰਾਸ਼ਟਰਵਾਦ ਦਾ ਵਿਰੋਧ ਕੀਤਾ ਜਾਂਦਾ ਜਿਹੜਾ ਧਰਮ ਦੇ ਆਧਾਰ ਉੱਤੇ ਹਿੰਦੂਆਂ ਤੋਂ ਬਿਨਾਂ ਸਭ ਨੂੰ ਨਫਰਤ ਕਰਦਾ ਹੈ। 'ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ' ਵਾਲੇ ਪੰਜਾਬ ਦਾ ਹਿੰਦੂ ਸਨਾਤਨੀ ਜਾਂ ਆਰੀਆ ਸਮਾਜੀ ਹੁੰਦਾ ਹੋਇਆ ਵੀ ਕੱਟੜ ਨਹੀਂ। ਪਹਿਲਾਂ ਜਨਸੰਘ ਅਤੇ ਹੁਣ ਭਾਜਪਾ ਨਾਲ ਸੂਬੇ ਅਤੇ ਕੇਂਦਰ ਵਿੱਚ ਯਾਰੀ ਦਾ ਸਿੱਟਾ ਹੈ ਕਿ ਬਜਰੰਗ ਦਲ, ਸਿ?ਵ ਸੈਨਿਕ ਆਦਿ ਕੱਟੜ ਸੰਗਠਨ ਇਕ ਪਾਸੇ ਹਿੰਦੂਆਂ ਨੂੰ ਕੱਟੜ ਬਣਾ ਰਹੇ ਹਨ, ਦੂਜੇ ਪਾਸੇ ਸਿੱਖਾਂ ਅੰਦਰ ਕੱਟੜਵਾਦ ਦੇ ਉਭਾਰ ਲਈ ਵਾਤਾਵਰਨ ਬਣਾਇਆ ਜਾ ਰਿਹਾ ਹੈ। ਪੰਜਾਬ ਦਾ ਕੱਲ੍ਹ ਕਿਹੋ ਜਿਹਾ ਹੋਵੇਗਾ, ਇਹ ਚਿੰਤਾ ਵਾਲਾ ਵਿਸ਼ਾ ਹੈ। ਇਹ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਾਰਟੀ ਵਿੱਚ ਰਹਿੰਦਿਆਂ ਪਾਰਟੀ ਦੀ ਵਿਚਾਰਧਾਰਾ ਦੇ ਮੂਲ ਆਧਾਰਾਂ ਤੋਂ ਬੇਦਾਵਾ ਸੀ। ਪ੍ਰਕਾਸ਼ ਸਿੰਘ ਦੇ ਬੇਦਾਵੇ ਦੀ ਵੰਨਗੀ ਦੇ ਬੇਦਾਵੇ ਦੇਣ ਵਾਲੇ ਪਾਰਟੀ ਦੇ ਅੰਦਰ ਹੋਰ ਵੀ ਅਨੇਕ ਹਨ। ਸੁਖਬੀਰ ਸਿੰਘ ਬਾਦਲ ਦੀ ਹੁਣ ਜਾਗ ਖੁੱਲ੍ਹੀ ਹੈ ਪਰ ਹੁਣ ਗ਼ਲਤ ਰਾਹ ਉੱਤੇ ਰਸਤਾ ਲੰਮਾ ਤੈਅ ਹੋ ਚੁੱਕਾ ਹੈ। ਜੇ ਭਾਜਪਾ ਆਰਐੱਸਐੱਸ ਦੀ ਸਿਆਸੀ ਵਿੰਗ ਹੈ ਤਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਆਸੀ ਵਿੰਗ ਹੀ ਹੈ। ਇਸ ਦਿਸ਼ਾ ਤੋਂ ਵਿਚਾਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਫ਼ਰਜ਼ਾਂ ਨੂੰ ਬੇਦਾਵਾ ਦਿੱਤਾ ਹੋਇਆ ਹੈ। ਸਿੱਖ ਧਰਮ ਤੋਂ ਇਲਾਵਾ ਸੰਸਾਰ ਦੇ ਕਿਸੇ ਧਰਮ ਨੂੰ ਲੋਕਤੰਤਰੀ ਢੰਗ ਨਾਲ ਵੋਟਾਂ ਰਾਹੀਂ ਚੁਣੀ ਹੋਈ ਕੋਈ ਸੰਸਥਾ ਨਸੀਬ ਨਹੀਂ। ਇਸ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਵਿੱਚ ਪਛੜਨਾ, ਦੇਸ਼ ਵਿੱਚ ਮਾਨਵਤਾ ਵਿਰੋਧੀ ਭਾਂਬੜਾਂ ਨੂੰ ਸ਼ਾਂਤ ਕਰਦੀ ਗੁਰੂਆਂ ਦੀ ਬਾਣੀ ਦੇ ਪ੍ਰਚਾਰ ਅਤੇ ਸਿੱਖ ਧਰਮ ਦੇ ਪ੍ਰਸਾਰ ਲਈ ਕੋਈ ਵਿਦਵਾਨ ਪੈਦਾ ਨਾ ਕਰ ਸਕਣਾ ਨਮੋਸ਼ੀ ਵਾਲੀ ਗੱਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਲਮੀ ਪੱਧਰ ਦੀਆਂ ਕੋਈ ਵਿਦਿਅਕ ਸੰਸਥਾਵਾਂ ਨਹੀਂ। ਚਾਹੀਦਾ ਸੀ ਕਿ ਘੱਟੋ-ਘੱਟ ਪੰਜਾਬ ਦੇ ਬੱਚੇ ਮਿਆਰੀ ਸਿੱਖਿਆ ਲਈ ਪੰਜਾਬ ਤੋਂ ਬਾਹਰ ਨਾ ਜਾਂਦੇ। ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਆਪਣੇ ਬੱਚੇ ਪੰਜਾਬ ਵਿੱਚ ਕ੍ਰਿਸਚਿਅਨ ਸਕੂਲਾਂ ਵਿੱਚ ਪੜ੍ਹਦੇ ਹਨ ਅਤੇ ਉਚੇਰੀ ਸਿੱਖਿਆ ਲਈ ਕ੍ਰਿਸਚਿਅਨ ਮੁਲਕਾਂ ਵਿੱਚ ਹੀ ਜਾਂਦੇ ਹਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਕੋਲ ਆਲਮੀ ਪੱਧਰ ਦੀਆਂ ਸਿਹਤ ਸੰਸਥਾਵਾਂ ਜਾਂ ਖੋਜ ਕੇਂਦਰ ਸਥਾਪਤ ਨਾ ਕਰ ਸਕਣਾ ਗੁਰੂ ਦੇ ਆਦੇਸ਼ ਅਤੇ ਉਦੇਸ਼ ਤੋਂ ਬੇਦਾਵਾ ਹੀ ਤਾਂ ਹੈ। ਪੰਜਾਬ ਵਿੱਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਵੇਂ ਕਾਂਗਰਸ ਵਿੱਚੋਂ ਬੇਦਾਵੇ ਕੇ ਕੇ ਭਾਜਪਾ ਵੱਲ ਗਏ ਸਾਰੇ ਆਗੂਆਂ ਨੂੰ ਸਵਾਲ ਸਾਂਝੇ ਹਨ। ਸਵਾਲ ਇਹ ਹੈ ਕਿ ਇਹ ਭਾਰਤੀ ਜਨਤਾ ਪਾਰਟੀ ਦੇ '400 ਪਾਰ' ਵਾਲੇ ਨਾਅਰੇ ਨੂੰ ਪੂਰਾ ਕਰ ਕੇ ਸੰਵਿਧਾਨ ਨੂੰ ਬਦਲ ਕੇ ਮਨੂ ਸਮ੍ਰਿਤੀ ਆਧਾਰਿਤ ਸੰਵਿਧਾਨ ਬਣਾਉਣ ਦਾ ਸੁਫ਼ਨਾ ਪੂਰਾ ਕਰਨ ਲਈ ਭਾਰਤੀ ਜਨਤਾ ਪਾਰਟੀ ਵੱਲ ਗਏ ਹਨ? ਅਗਲਾ ਸਵਾਲ ਹੈ: ਕੀ ਇਨ੍ਹਾਂ ਦਲ ਬਦਲੂਆਂ ਨੇ ਭਾਰਤੀ ਜਨਤਾ ਪਾਰਟੀ ਦੇ ਉਸ ਹਿੰਦੂ ਰਾਸ਼ਟਰਵਾਦ ਨੂੰ ਅਪਣਾ ਲਿਆ ਹੈ ਜਿਸ ਵਿੱਚ ਹਿੰਦੂਆਂ ਤੋਂ ਬਿਨਾਂ ਸਭ ਨੂੰ ਦੋਇਮ ਦਰਜੇ ਦੇ ਨਾਗਰਿਕ ਬਣ ਕੇ ਰਹਿਣਾ ਪਵੇਗਾ ਅਤੇ ਜਿਸ ਵਿੱਚ ਹਿੰਦੂਆਂ ਬਿਨਾਂ ਸਭ ਨੂੰ ਆਪੋ-ਆਪਣਾ ਸਭਿਆਚਾਰ ਤਿਆਗਣਾ ਹੋਵੇਗਾ ਅਤੇ ਜਿਸ ਵਿੱਚ ਜਾਤ-ਪਾਤ ਅਤੇ ਛੂਆ-ਛਾਤ ਨੂੰ ਹੋਰ ਪੱਕੇ ਪੈਰੀਂ ਕੀਤਾ ਜਾਣਾ ਹੈ? ਭਾਰਤੀ ਜਨਤਾ ਪਾਰਟੀ ਦੀ ਆਰਥਿਕ ਨੀਤੀ ਪਬਲਿਕ ਸੈਕਟਰ ਵਿਰੋਧੀ ਅਤੇ ਕਾਰਪੋਰੇਟੀ ਮਾਡਲ ਹੈ ਜਿਸ ਵਿੱਚ ਖੇਤੀ ਸੈਕਟਰ ਵਿੱਚ ਕਾਰਪੋਰੇਟੀ ਘੁਸਪੈਠ ਖਾਧ ਪਦਾਰਥਾਂ ਦੀ ਪੈਦਾਵਾਰ, ਵਪਾਰ ਆਦਿ ਸਭ ਖੇਤਰਾਂ ਵਿੱਚ ਕਰਵਾਈ ਜਾਵੇਗੀ। ਖੇਤੀ ਵਾਲੇ ਤਿੰਨ ਕਾਨੂੰਨ ਧੋ-ਸਵਾਰ ਕੇ ਨਵੇਂ ਰੂਪ ਵਿੱਚ ਲਿਆਂਦੇ ਜਾਣਗੇ। ਕੀ ਇਨ੍ਹਾਂ ਦਲ ਬਦਲੂਆਂ ਨੇ ਕਿਸਾਨ ਵਿਰੋਧੀ ਭਾਰਤੀ ਜਨਤਾ ਪਾਰਟੀ ਵਾਲਾ ਏਜੰਡਾ ਅਪਣਾ ਲਿਆ ਹੈ? ਮੁਲਕ ਦੀ ਸੁਰੱਖਿਆ ਲਈ ਭਾਰਤੀ ਫੌਜ ਦੀ ਭਰਤੀ ਲਈ ਭਾਰਤੀ ਜਨਤਾ ਪਾਰਟੀ ਨੇ ਅਗਨੀਵੀਰ ਯੋਜਨਾ ਸ਼ੁਰੂ ਕੀਤੀ ਹੈ, ਕੀ ਇਨ੍ਹਾਂ ਦਲ ਬਦਲੂਆਂ ਨੇ ਅਗਨੀਵੀਰ ਯੋਜਨਾ ਪ੍ਰਵਾਨ ਕਰ ਲਈ ਹੈ? ਸਿੱਖਿਆ, ਸਿਹਤ ਅਤੇ ਹੋਰ ਸੇਵਾਵਾਂ ਦੇ ਸੈਕਟਰ ਵੱਡੇ-ਵੱਡੇ ਕਾਰੋਬਾਰੀਆਂ ਲਈ ਪਹਿਲਾਂ ਹੀ ਦਿੱਤੇ ਜਾ ਚੁੱਕੇ ਸਨ। ਲੋੜ ਸੀ, ਇਨ੍ਹਾਂ ਨੂੰ ਮੁੜ ਸਰਕਾਰੀ ਪ੍ਰਬੰਧ ਅਧੀਨ ਲਿਆ ਕੇ ਇਨ੍ਹਾਂ ਸੇਵਾਵਾਂ ਨੂੰ ਆਮ ਜਨਤਾ ਤੱਕ ਪੁੱਜਦਾ ਕੀਤਾ ਜਾਂਦਾ। ਸੂਬਿਆਂ ਨੂੰ ਵੱਧ ਅਧਿਕਾਰਾਂ ਬਿਨਾਂ ਸੂਬਾ ਸਰਕਾਰਾਂ ਕੇਂਦਰ ਦੀਆਂ ਗ਼ੁਲਾਮ ਹਨ। ਭਾਰਤੀ ਜਨਤਾ ਪਾਰਟੀ ਸ਼ਕਤੀਆਂ ਦੇ ਵਿਕੇਂਦਰੀਕਰਨ, ਭਾਵ, ਫੈਡਰਲਿਜਮ ਦੀ ਵਿਰੋਧੀ ਹੈ।

ਕੀ ਇਨ੍ਹਾਂ ਦਲ ਬਦਲੂਆਂ ਨੇ ਭਾਰਤੀ ਜਨਤਾ ਪਾਰਟੀ ਦੇ ਅਜਿਹੇ ਸਾਰੇ ਏਜੰਡੇ ਪ੍ਰਵਾਨ ਕਰ ਲਏ ਹਨ? ਦੋ ਸ਼ਬਦ ਉਨ੍ਹਾਂ ਪਾਰਟੀਆਂ ਲਈ ਵੀ ਬਣਦੇ ਹਨ ਜਿਨ੍ਹਾਂ ਵਿੱਚੋਂ ਦਲ ਬਦਲੂ ਦੂਜੀਆਂ ਪਾਰਟੀਆਂ ਵਿੱਚ ਜਾਂਦੇ ਹਨ। ਲੋਕ ਰਾਜ ਵਿੱਚ ਸਿਆਸੀ ਪਾਰਟੀਆਂ ਰਾਜ ਭਾਗ ਦੀ ਅਗਵਾਈ ਲਈ ਬਦਲ ਹੁੰਦੀਆਂ ਹਨ। ਸਿਆਸੀ ਪਾਰਟੀਆਂ ਨੂੰ ਆਪਣੇ ਟੀਚੇ, ਆਧਾਰ ਵਿਚਾਰਧਾਰਾ ਅਤੇ ਸੰਗਠਨ ਸਬੰਧੀ ਵਿਧਾਨ ਸੰਵਿਧਾਨ ਜਨਤਕ ਹੀ ਨਹੀਂ ਕਰਨਾ ਚਾਹੀਦਾ ਸਗੋਂ ਮੁਕਾਬਲੇ ਦੀਆਂ ਜਨਤਕ ਚਰਚਾਵਾਂ ਕਰਵਾਉਣੀਆਂ ਚਾਹੀਦੀਆਂ ਹਨ ਤਾਂ ਕਿ ਹਰ ਸਿਆਸੀ ਪਾਰਟੀ ਦੀ ਆਪਣੀ ਆਪਣੀ ਨਿਆਂਇਕ ਪਛਾਣ ਦਿਸਣ ਲੱਗ ਜਾਵੇ। ਮਜ਼ਬੂਤ ਲੋਕ ਰਾਜ ਲਈ ਸਿਆਸੀ ਪਾਰਟੀਆਂ ਦਾ ਵਿਚਾਰਧਾਰਕ ਹੋਣਾ ਜ਼ਰੂਰੀ ਹੈ। ਦਲ ਬਦਲੂ ਸਿਆਸੀ ਨਿਘਾਰ ਦੀ ਨਿਸ਼ਾਨੀ ਹੈ।

ਜੇ ਦਲ ਬਦਲੂ ਜਿਸ ਪਾਰਟੀ ਵਿੱਚੋਂ ਗਏ, ਉਸ ਦੀ ਬਿਹਤਰੀ ਲਈ ਕੁਝ ਨਹੀਂ ਕਰ ਸਕੇ ਤਾਂ ਨਵੀਂ ਪਾਰਟੀ ਲਈ ਕੀ ਕਰਨਗੇ? ਦਲ ਬਦਲੀ ਨੂੰ ਸੰਸਥਾਵਾਂ ਤਾਂ ਰੋਕ ਨਾ ਸਕੀਆਂ, ਹੁਣ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਵਿੱਚ ਅਜਿਹੇ ਸਬਕ ਦੀ ਘੁੱਟੀ ਪਿਲਾਉਣ ਕਿ ਇਹ ਲੋਕ ਆਪਣੇ ਸਿਆਸੀ ਅੰਤ ਤੱਕ ਭਟਕਦੀਆਂ ਆਤਮਾਵਾਂ ਬਣੀਆਂ ਰਹਿਣ। ਇਨ੍ਹਾਂ ਨੂੰ ਆਪੋ-ਆਪਣੇ ਬੇਦਾਵਿਆਂ ਦੀ ਇਹ ਸਜ਼ਾ ਤਾਂ ਭੁਗਤਣੀ ਹੀ ਚਾਹੀਦੀ ਹੈ।

ਲੋਕਰਾਜ ਖ਼ਾਤਿਰ ਵੋਟ ਦਾ ਇਸਤੇਮਾਲ

ਨੀਰਾ ਚੰਡੋਕ

ਉਹ ਕਿਹੜੀ ਚੀਜ਼ ਹੈ ਜੋ 2024 ਦੀਆਂ ਚੋਣਾਂ ਵਿਚ ਦਾਅ 'ਤੇ ਲੱਗੀ ਹੈ? ਪਿਛਲੇ ਦਸ ਸਾਲਾਂ ਵਿਚ ਬਹੁਤਾ ਸਮਾਂ ਨਿਰੰਕੁਸ਼ਤਾ ਦਾ ਸਾਇਆ ਸਾਡੇ ਸਿਰ 'ਤੇ ਮੰਡਰਾਉਂਦਾ ਰਿਹਾ ਹੈ। ਨਿਰੰਕੁਸ਼ਤਾ ਨੇ ਲੋਕਰਾਜ ਨੂੰ ਅੰਦਰੋਂ ਖੋਖਲਾ ਕਰ ਕੇ ਰੱਖ ਦਿੱਤਾ ਹੈ। ਨਿਰੰਕੁਸ਼ਵਾਦੀਆਂ ਦਾ ਠੋਸ ਲੋਕਤੰਤਰ ਤੋਂ ਬਗ਼ੈਰ ਗੁਜ਼ਾਰਾ ਚੰਗਾ ਚਲਦਾ ਹੈ। ਜਿ?ਆਦਾ ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਉਹ ਮਿਲਜੁਲ ਕੇ ਰਹਿਣ ਦਾ ਵੱਲ ਸਿੱਖ ਚੁੱਕੇ ਲੋਕਾਂ ਅੰਦਰ ਖੁਣਸੀ ਢੰਗ ਨਾਲ ਧਰੁਵੀਕਰਨ ਦਾ ਜ਼ਹਿਰ ਫੈਲਾਉਂਦੇ ਹਨ। ਇਸ ਪ੍ਰਕਿਰਿਆ ਵਿੱਚ ਅਸੀਂ ਲੋਕਤੰਤਰ ਦੀ ਭਾਵਨਾ ਭਾਵ ਇਕਜੁੱਟਤਾ ਦਾ ਕਤਲ ਹੁੰਦਾ ਦੇਖਦੇ ਹਾਂ। ਕਮਿਊਨਿਜ਼ਮ ਦੀ ਚੜ੍ਹਤ ਦੇ ਦਿਨਾਂ ਵਿੱਚ ਇਕਜੁੱਟਤਾ ਦਾ ਮਤਲਬ ਹੁੰਦਾ ਸੀ ਮਿਹਨਤਕਸ਼ ਤਬਕਿਆਂ ਅੰਦਰ ਏਕੇ ਦਾ ਅਹਿਸਾਸ। ਅੱਜ ਜੇ ਅਸੀਂ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਇਹ ਜਜ਼ਬਾ ਬਹੁਤ ਅਹਿਮ ਹੈ।

ਇਕਜੁੱਟਤਾ ਜਾਂ ਇਸ ਦੇ ਚਚੇਰ ਸੰਕਲਪ ਭਾਈਚਾਰਕ ਸਾਂਝ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸ਼ਾਮਿਲ ਕੀਤਾ ਗਿਆ ਹੈ। ਜ਼ਰਾ ਸੋਚੋ, ਸੰਵਿਧਾਨ ਦੇ ਨਿਰਮਾਤਾਵਾਂ ਸਾਹਮਣੇ ਕਿਸ ਕਿਸਮ ਦੀਆਂ ਚੁਣੌਤੀਆਂ ਹੋਣਗੀਆਂ। ਮਜ਼ਹਬੀ ਆਧਾਰ 'ਤੇ ਵੰਡ ਦਿੱਤੇ ਗਏ ਲੋਕਾਂ ਨੂੰ ਲੋਕਰਾਜੀ ਸਿਆਸੀ ਭਾਈਚਾਰੇ ਅੰਦਰ ਨਾਗਰਿਕ ਦੇ ਰੂਪ ਵਿੱਚ ਰਹਿਣਾ ਪ੍ਰਵਾਨ ਕਰਨਾ ਪਵੇਗਾ। ਵੰਡ ਵੇਲੇ ਇਨ੍ਹਾਂ 'ਚੋਂ ਕਈ ਲੋਕ ਮਾਨਵਤਾ ਦੇ ਹੇਠਲੇ ਪੱਧਰ ਤੱਕ ਜਾ ਡਿੱਗੇ ਸਨ। ਸੰਵਿਧਾਨ ਘਾਡਿ?ਆਂ ਨੇ ਇਸ ਤਣਾਅਪੂਰਨ ਮਾਹੌਲ ਅੰਦਰ ਹੋਸ਼ਮੰਦੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਜਿਹੇ ਸਿਆਸੀ ਸਿਧਾਂਤਾਂ ਨੂੰ ਪ੍ਰਸਤਾਵਨਾ ਵਿੱਚ ਉਭਾਰ ਕੇ ਸਾਹਮਣੇ ਲਿਆਂਦਾ ਸੀ। ਮਜ਼ਹਬੀ ਗਰਕਣ ਵਿੱਚ ਧਸੇ ਭਾਰਤ ਦੇ ਲੋਕਾਂ ਨੂੰ ਇਕਜੁੱਟਤਾ ਦੇ ਰੂਪ ਵਿੱਚ ਬਦਲ ਪੇਸ਼ ਕੀਤਾ ਗਿਆ ਜੋ ਘੱਟੋ-ਘੱਟ ਦੋ ਕਾਰਨਾਂ ਕਰ ਕੇ ਅਹਿਮ ਹੈ।

ਪਹਿਲਾ, ਜੇ ਲੋਕ ਹੋਰਨਾਂ ਦੀ ਪ੍ਰਵਾਹ ਨਾ ਕਰਨ ਤਾਂ ਲੋਕਰਾਜ ਭਟਕ ਜਾਂਦਾ ਹੈ; ਭਾਵ, ਉਨ੍ਹਾਂ ਦੀ ਬਿਮਾਰੀ ਜਾਂ ਗ਼ਰੀਬੀ ਨੂੰ ਨਜ਼ਰਅੰਦਾਜ਼ ਕਰਨ ਜਾਂ ਕਿਸੇ ਭਾਈਚਾਰੇ ਖਿ?ਲਾਫ਼ ਘੋਰ ਅਨਿਆਂ ਕੀਤਾ ਜਾਵੇ। ਇਕਜੁੱਟਤਾ ਤੋਂ ਬਿਨਾਂ ਅਸੀਂ ਹੱਕ ਰੱਖਣ ਵਾਲੇ ਖ਼ੁਦਗਰਜ਼ਾਂ ਦਾ ਟੋਲਾ ਬਣ ਕੇ ਰਹਿ ਜਾਵਾਂਗੇ। ਇਕਜੁੱਟਤਾ ਤੋਂ ਬਗ਼ੈਰ ਅਸੀਂ ਹੌਬਸ ਦੇ ਸ਼ਬਦਾਂ ਵਿੱਚ ਉਸ ਕਿਸਮ ਦੀ ਕੁਦਰਤੀ ਅਵਸਥਾ ਵਿੱਚ ਚਲੇ ਜਾਵਾਂਗੇ ਜਿੱਥੇ ਹਰ ਕੋਈ ਇਕੱਲਾ ਹੁੰਦਾ ਹੈ ਅਤੇ ਉਹ ਇਨਸਾਨ ਬਣਾਉਣ ਵਾਲੀਆਂ ਖੂਬੀਆਂ ਤੋਂ ਵਿਰਵਾ ਹੁੰਦਾ ਹੈ।

ਦੂਜਾ, ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਲੋਕ ਦਮਨ ਖਿ?ਲਾਫ਼ ਇਕਜੁੱਟਤਾ ਦੇ ਸਾਂਝੇ ਤਾਣੇ ਹੇਠ ਆਉਂਦੇ ਹਨ ਤਾਂ ਉਹ ਪਹਾੜਾਂ ਨੂੰ ਵੀ ਝੁਕਾ ਦਿੰਦੇ ਹਨ। ਉਹ ਸ਼ਕਤੀਸ਼ਾਲੀ ਸਾਮਰਾਜਾਂ ਨੂੰ ਉਖਾੜ ਸੁੱਟਦੇ ਹਨ। ਉਹ ਮਹਿਜ਼ ਸੜਕਾਂ 'ਤੇ ਇਕੱਤਰ ਹੋਣ 'ਤੇ ਹੀ ਰਾਜਕੀ ਸੱਤਾ ਦੀ ਦੁਰਵਰਤੋਂ ਕਰਨ ਵਾਲੀਆਂ ਸਰਕਾਰਾਂ

ਬਠਿੰਡਾ ਲੋਕ ਸਭਾ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਮਲੂਕਾ ਨੂੰ ਮਹਿਮਾ ਸਰਜਾ ਵਿੱਚ ਗੁਲਾਬ ਜਾਮਣਾਂ ਨਾਲ ਤੋਲਿਆ

ਬਠਿੰਡਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਮਹਿਮਾ ਸਰਜਾ ਵਿਚ ਬਠਿੰਡਾ ਤੋਂ ਭਾਜਪਾ ਦੇ ਉਮੀਦਵਾਰ ਬੀਬਾ ਪਰਮਪਾਲ ਕੌਰ ਮਲੂਕਾ ਨੂੰ ਹਲਕਾ ਇੰਚਾਰਜ ਬਲਦੇਵ ਸਿੰਘ ਆਕਲੀਆ ਦੀ ਯੋਗ ਅਗਵਾਈ ਹੇਠ ਸਰਕਲ ਪ੍ਰਧਾਨ ਕਿਰਨਜੀਤ ਸਿੰਘ ਬਰਾੜ ਅਤੇ ਸਮੁੱਚੀ ਟੀਮ ਮਹਿਮਾ ਸਰਜਾ ਵੱਲੋਂ ਬੀਬਾ ਜੀ ਨੂੰ ਗੁਲਾਬ ਜਾਮਣਾਂ ਨਾਲ ਤੋਲਿਆ ਗਿਆ।ਸਭ ਤੋਂ ਪਹਿਲਾਂ ਬੀਬਾ ਪਰਮਪਾਲ ਕੌਰ ਵੱਲੋਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ ਗਿਆ। ਤੇ ਕਿਹਾ ਗਿਆ ਕਿ ਮੋਦੀ ਦੀ ਸਰਕਾਰ ਬਣਨਾ ਲਗਭਗ ਤੈਅ ਹੈ।

ਤੁਸੀਂ ਬਠਿੰਡਾ ਲੋਕ ਸਭਾ ਹਲਕੇ ਤੋਂ ਮੈਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਪਾ ਭਾਜਪਾ ਦੇ ਹੱਥ ਮਜ਼ਬੂਤ ਕਰੋ। ਬੀਬਾ ਪਰਮਪਾਲ ਕੌਰ ਜੀ ਨੇ ਬੋਲਦਿਆ ਕਿਹਾ ਕਿ ਨਰਿੰਦਰ ਮੋਦੀ ਹੀ ਇੱਕ ਅਜਿਹੇ ਇਨਸਾਨ ਹਨ ਜੋ ਦੇਸ਼ ਨੂੰ ਉਚਾਈ ਦੀਆਂ ਬੁਲੰਦੀਆਂ ਤੇ ਲਿਜਾ ਸਕਦੇ ਹਨ।

ਬੀਬਾ ਪਰਮਪਾਲ ਕੌਰ ਮਲੂਕਾ ਨੇ ਗੁਰਦੀਪ ਸਿੰਘ ਠੰਡੂ, ਗੁਰਪ੍ਰੀਤ ਸਿੰਘ ਅਤੇ ਹੋਰ ਵੀ ਨੌਜਵਾਨਾਂ ਅਤੇ ਬੀਬੀਆਂ ਨੂੰ ਪਾਰਟੀ ਦੇ ਸਿਰੋਪੇ ਦੇ ਕੇ ਭਾਜਪਾ ਵਿੱਚ ਸ਼ਾਮਿਲ ਕੀਤਾ। ਸਟੇਜ ਸੈਕਟਰੀ ਦੀ ਜਿੰਮੇਵਾਰੀ ਰਿਪੀ ਸ਼ਰਮਾ ਨੇ ਬਾਖੂਬੀ ਨਿਭਾਈ।

ਜਦੋਂ ਪਿੰਡ ਮਹਿਮਾ ਸਰਜਾ ਵਿੱਚ ਬੀਬਾ ਪਰਮਪਾਲ ਕੌਰ ਮਲੂਕਾ ਦੇ ਪਹੁੰਚਣ ਦੀ ਭਿਨਕ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਅਤੇ ਸਿੱਧੂਪੁਰ ਦੇ ਆਗੂਆਂ ਨੂੰ ਪਈ ਤਾਂ ਉਹਨਾਂ ਨੇ ਪਿੰਡ ਮਹਿਮਾ ਸਰਜਾ ਵਿੱਚ ਆਉਣ ਤੇ ਨਾਰੇਬਾਜ਼ੀ ਕਰਕੇ ਆਪਣਾ ਪ੍ਰਦਰਸ਼ਨ ਕੀਤਾ।

ਪਰ ਪੁਲੀਸ ਵੱਲੋਂ ਉਹਨਾਂ ਦੀ ਸਥਿਤੀ ਨੂੰ ਕੰਟਰੋਲ ਕਰ ਲਿਆ ਗਿਆ ਅਤੇ ਕਿਸਾਨਾ ਅੱਗੇ ਵਧਣ ਤੋਂ ਰੋਕਿਆ ਗਿਆ।

ਚੋਣ ਕਮਿਸ਼ਨ ਵੱਲੋਂ ਲੁਧਿਆਣਾ ਅਤੇ ਜਲੰਧਰ ਦੇ ਨਵੇਂ ਪੁਲਿਸ ਕਮਿਸ਼ਨਰ ਨਿਯੁਕਤ

ਚੰਡੀਗੜ੍ਹ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਨੇ 1998 ਬੈਚ ਦੇ ਆਈ.ਪੀ.ਐਸ. ਅਧਿਕਾਰੀ ਨੀਲਭ ਕਿਸ਼ੋਰ, ਜੋ ਇਸ ਵੇਲੇ ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਏਡੀਜੀਪੀ ਐਸ.ਟੀ.ਐਫ. ਪੰਜਾਬ, ਵਜੋਂ ਤਾਇਨਾਤ ਹਨ, ਨੂੰ ਪੁਲਿਸ ਕਮਿਸ਼ਨਰ ਲੁਧਿਆਣਾ ਅਤੇ 2008 ਬੈਚ ਦੇ ਆਈ.ਪੀ.ਐਸ. ਅਧਿਕਾਰੀ ਰਾਹੁਲ ਐਸ, ਜੋ ਇਸ ਸਮੇਂ ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਡੀ.ਆਈ.ਜੀ-ਕਮ- ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਵਜੋਂ ਤਾਇਨਾਤ ਹਨ, ਨੂੰ ਪੁਲਿਸ ਕਮਿਸ਼ਨਰ ਜਲੰਧਰ ਵਜੋਂ ਨਿਯੁਕਤ ਕੀਤਾ ਹੈ।ਇਸ ਸਬੰਧੀ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਭੇਜ ਦਿੱਤਾ ਗਿਆ ਹੈ।

ਦਿੱਲੀ ਕਮੇਟੀ ਵੱਲੋਂ ਦੇਸ਼ ਵਿੱਚ ਗੁਰਮਤਿ ਕੈਂਪ ਪਹਿਲੀ ਤੋਂ

ਨਵੀਂ ਦਿੱਲੀ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਵੱਲੋਂ ਬੱਚਿਆਂ ਨੂੰ ਪੰਜਾਬੀ ਅਤੇ ਇਤਿਹਾਸ ਦੀ ਸਿੱਖਿਆ ਦੇਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰਮਤਿ ਕੈਂਪ ਲਗਾਇਆ ਜਾ ਰਿਹਾ ਹੈ। ਦੇਸ਼ ਭਰ ਵਿੱਚ ਇਹ ਗੁਰਮਤਿ ਕੈਂਪ ਪਹਿਲੀ ਤੋਂ 21 ਜੂਨ ਤੱਕ ਲਗਾਏ ਜਾਣਗੇ ਅਤੇ 22 ਤੇ 23 ਜੂਨ ਨੂੰ ਲੱਖੀ ਸ਼ਾਹ ਬੰਜਾਰਾ ਹਾਲ ਵਿੱਚ ਸਾਰੇ ਉਮੀਦਵਾਰਾਂ ਅਤੇ ਅਧਿਆਪਕਾਂ ਦਾ ਸਨਮਾਨ ਕੀਤਾ ਜਾਵੇਗਾ। ਦਿੱਲੀ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਕੈਂਪ ਲਗਾਉਣ ਦੀ ਪੂਰੇ ਦੇਸ਼ ਤੋਂ ਮੰਗ ਉੱਠ ਰਹੀ ਹੈ, ਜਿਸ ਕਾਰਨ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਦਿੱਲੀ ਦੇ ਨਾਲ-ਨਾਲ ਹਰਿਆਣਾ, ਪੰਜਾਬ, ਆਗਰਾ, ਰਾਏਪੁਰ, ਬੰਗਾਲ, ਪਟਨਾ, ਲਖਨਊ ਅਤੇ ਹੋਰ ਕਈ ਥਾਵਾਂ 'ਤੇ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਵਾਰ ਕੈਂਪ ਵਿੱਚ 20 ਹਜ਼ਾਰ ਤੋਂ ਵੱਧ ਬੱਚਿਆਂ ਦੇ ਭਾਗ ਲੈਣ ਦੀ ਉਮੀਦ ਹੈ, ਜਦੋਂਕਿ ਬੱਚਿਆਂ ਨੂੰ ਮਾਂ-ਬੋਲੀ ਅਤੇ ਸਿੱਖ ਗੁਰੂਆਂ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਦੇ ਚਾਹਵਾਨ 600 ਤੋਂ ਵੱਧ ਅਧਿਆਪਕਾਂ ਦੀਆਂ ਅਰਜ਼ੀਆਂ ਧਰਮ ਪ੍ਰਚਾਰ ਵਿਭਾਗ ਕੋਲ ਪਹੁੰਚ ਚੁੱਕੀਆਂ ਹਨ। ਕਮੇਟੀ ਵੱਲੋਂ ਬੱਚਿਆਂ ਲਈ ਕਿਤਾਬਾਂ ਅਤੇ ਹੋਰ ਸਟੇਸ਼ਨਰੀ ਵੀ ਤਿਆਰ ਕਰਵਾਈ ਗਈ ਹੈ ਜੋ ਬੱਚਿਆਂ ਨੂੰ ਮਾਤ-ਭਾਸ਼ਾ ਸਿੱਖਣ ਵਿਚ ਸਹਾਈ ਸਿੱਧ ਹੋਵੇਗੀ।

ਪ੍ਰਿਯੰਕਾ ਗਾਂਧੀ ਨੇ ਸ਼ੈਲਜਾ ਦੇ ਹੱਕ 'ਚ ਰੋਡ ਸ਼ੋਅ ਕੀਤਾ

ਸਿਰਸਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਛੇਵੇਂ ਗੇੜ ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੇ ਆਖਰੀ ਦਿਨ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਇਥੇ ਇੰਡੀਆ ਗੱਠਜੋੜ ਦੀ ਉਮੀਦਵਾਰ ਕੁਮਾਰੀ ਸ਼ੈਲਜਾ ਦੇ ਹੱਕ 'ਚ ਰੋਡ ਸ਼ੋਅ ਕਰਕੇ ਲੋਕਾਂ ਨੂੰ ਵੋਟਾਂ ਦੀ ਅਪੀਲ ਕੀਤੀ। ਰੋਡ ਸ਼ੋਅ 'ਚ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ। ਰੋਡ ਸ਼ੋਅ ਦਾਣਾ ਮੰਡੀ ਦੇ ਗੇਟ ਨੰਬਰ ਇਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਚੋਂ ਹੁੰਦਾ ਹੋਇਆ ਅੰਬੇਡਕਰ ਚੌਕ 'ਚ ਸਮਾਪਤ ਹੋਇਆ।

ਕਾਂਗਰਸ ਵੱਲੋਂ ਪੰਜਾਬੀ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਦਾ ਯਤਨ

ਫਰੀਦਾਬਾਦ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਇਸ ਲੋਕ ਸਭਾ ਚੋਣ ਹਲਕੇ ਤੋਂ ਕਾਂਗਰਸ ਉਮੀਦਵਾਰ ਚੌਧਰੀ ਮਹਿੰਦਰ ਪ੍ਰਤਾਪ ਸਿੰਘ ਵੱਲੋਂ ਐਨਆਈਟੀ ਫਰੀਦਾਬਾਦ ਦੇ ਪੰਜਾਬੀ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਂਗਰਸ ਉਮੀਦਵਾਰ ਦੇ ਪੁੱਤਰ ਵਿਜੈ ਪ੍ਰਤਾਪ ਵੱਲੋਂ ਐਨਆਈਟੀ ਨੰਬਰ-ਇੱਕ, ਨੰਬਰ-ਦੋ ਨੰਬਰ-ਤਿੰਨ ਅਤੇ ਨੰਬਰ-ਪੰਜ ਦੇ ਮੋਹਤਬਰ ਵਿਅਕਤੀਆਂ ਨਾਲ ਮੀਟਿੰਗਾਂ ਕਰਕੇ ਅਗਲੀ ਰਣਨੀਤੀ ਉਲੀਕੀ ਜਾ ਰਹੀ ਹੈ।

ਉਕਤ ਇਲਾਕਿਆਂ ਵਿੱਚ ਪਾਕਿਸਤਾਨ ਤੋਂ 1947 ਦੀ ਵੰਡ ਮਗਰੋਂ ਆ ਕੇ ਵਸੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੀ ਖਾਸੀ ਗਿਣਤੀ ਹੈ। ਲੱਖਾਂ ਦੀ ਗਿਣਤੀ ਵਿੱਚ ਰਹਿੰਦੇ ਇਨ੍ਹਾਂ ਪੰਜਾਬੀਆਂ ਦਾ 90ਵਿਆਂ ਤੱਕ ਕਾਂਗਰਸ ਪ੍ਰਤੀ ਰੁਝਾਨ ਰਿਹਾ ਸੀ ਪਰ ਬੀਤੇ ਦਸ ਸਾਲਾਂ ਤੋਂ ਉਹ ਭਾਜਪਾ ਦੇ ਪੱਖ ਵਿੱਚ ਭੁਗਤਦੇ ਨਜ਼ਰ ਆ ਰਹੇ ਹਨ। ਇਸੇ ਕਰਕੇ ਕਾਂਗਰਸੀ ਉਮੀਦਵਾਰ ਵੱਲੋਂ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਐਨਆਈਟੀ ਦੇ ਇਲਾਕਿਆਂ ਵਿੱਚ ਚੋਣ ਪ੍ਰਚਾਰ ਤੇਜ਼ ਕੀਤਾ ਹੋਇਆ ਹੈ। ਉਨ੍ਹਾਂ ਵੱਲੋਂ ਦਿਹਾਤੀ ਇਲਾਕਿਆਂ ਵਿੱਚ ਵੀ ਵੱਡੀਆਂ ਸਭਾਵਾਂ ਕਰਕੇ '84 ਪਾਲ' ਦੇ ਆਗੂਆਂ ਨਾਲ ਰਾਬਤਾ ਬਣਾਇਆ ਹੋਇਆ ਹੈ। ਸਾਬਕਾ ਕੈਬਿਨਟ ਮੰਤਰੀ ਮਹਿੰਦਰ ਪ੍ਰਤਾਪ ਸਿੰਘ ਨੂੰ ਬੁੱਧਵਾਰ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਤਿਗਾਂਵ ਵਿਧਾਨ ਸਭਾ ਹਲਕੇ ਦੇ '84 ਪਾਲ' ਅਤੇ ਖਾਦਰ ਦੇ ਲੋਕਾਂ ਨੇ ਚੋਣ ਮੀਟਿੰਗਾਂ ਵਿੱਚ ਆਪਣਾ ਖੁੱਲ੍ਹਾ ਸਮਰਥਨ ਦੇਣ ਦਾ ਐਲਾਨ ਕੀਤਾ। '84 ਪਾਲ' ਦੇ ਵੱਡੇ ਪਿੰਡਾਂ, ਨੀਮਕਾ, ਮੁਜੇੜੀ, ਮਿਰਜ਼ਾਪੁਰ, ਚਾਂਦਪੁਰ-ਇਸਮਾਈਲਪੁਰ, ਅਰੂਆ ਫੈਜ਼ਪੁਰ, ਕੌਰਾਲੀ, ਬਦਰੌਲਾ ਪਹਿਲਾਦਪੁਰ ਵਿਖੇ ਚੋਣ ਮੀਟਿੰਗਾਂ ਕੀਤੀਆਂ ਗਈਆਂ।

ਭਾਜਪਾ ਉਮੀਦਵਾਰ ਨਵੀਨ ਜਿੰਦਲ ਵੱਲੋਂ ਸ਼ਕਤੀ ਪ੍ਰਦਰਸ਼ਨ

ਸ਼ਾਹਬਾਦ ਮਾਰਕੰਡਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕੇ ਕੁਰੂਕਸ਼ੇਤਰ ਤੋਂ ਭਾਜਪਾ ਉਮੀਦਵਾਰ ਨਵੀਨ ਜਿੰਦਲ ਨੇ ਦੇਵੀ ਮੰਦਰ ਚੌਕ ਤੋਂ ਰੋਡ ਸ਼ੋਅ ਕੱਢ ਕੇ ਸ਼ਕਤੀ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾਂ ਨਵੀਨ ਜਿੰਦਲ, ਸਾਬਕਾ ਮੰਤਰੀ ਕ੍ਰਿਸ਼ਨ ਬੇਦੀ, ਨਗਰ ਕੌਂਸਲ ਪ੍ਰਧਾਨ ਗੁਲਸ਼ਨ ਕਵਾਤਰਾ, ਦੇਵੀ ਮੰਦਰ ਦੇ ਪ੍ਰਧਾਨ ਪਵਨ ਗਰਗ ਤੇ ਭਾਜਪਾ ਦੀ ਸੂਬਾ ਕਾਰਜਕਾਰਨੀ ਮੈਂਬਰ ਕਰਤਾਰ ਕੌਰ ਨੇ ਸ੍ਰੀ ਬਾਲਾ ਸੁੰਦਰੀ ਮੰਦਰ ਮੱਥਾ ਟੇਕਿਆ ਤੇ ਆਸ਼ੀਰਵਾਦ ਲਿਆ। ਇਸ ਮਗਰੋਂ ਰੋਡ ਸ਼ੋਅ ਵਿਚ ਸ਼ਾਮਲ ਵਰਕਰਾਂ ਨੇ 'ਜੈ ਸ੍ਰੀ ਰਾਮ' ਦੇ ਨਾਅਰੇ ਲਾਏ। ਵੱਡੀ ਗਿਣਤੀ ਲੋਕਾਂ ਨੇ ਘਰਾਂ ਦੀਆਂ ਛੱਤਾਂ ਤੋਂ ਫੁੱਲਾਂ ਦੀ ਵਰਖਾ ਕਰ ਕੇ ਨਵੀਨ ਜਿੰਦਲ ਦਾ ਸਵਾਗਤ ਕੀਤਾ। ਕੜਾਕੇ ਦੀ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ। ਭਾਜਪਾ ਵਰਕਰਾਂ ਤੇ ਆਮ ਲੋਕਾਂ ਵੱਲੋਂ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਗਈਆਂ। ਰੋਡ ਸ਼ੋਅ ਦੇਵੀ ਮੰਦਰ ਤੋਂ ਸ਼ੁਰੂ ਹੋ ਕੇ ਮੇਨ ਬਾਜ਼ਾਰ, ਗੌਰੀ ਸ਼ੰਕਰ ਮੰਦਰ, ਦੁਰਗਾ ਮੰਦਰ ਚੌਕ, ਰਾਜ ਬੁੱਕ ਡਿੱਪੂ ਰੋਡ ਤੋਂ ਹੁੰਦਾ ਹੋਇਆ ਇਤਿਹਾਸਕ ਸ੍ਰੀ ਮਾਰਕੰਡੇਸ਼ਵਰ ਸ਼ਿਵ ਮੰਦਰ ਜਾ ਕੇ ਸਮਾਪਤ ਹੋਇਆ। ਇਸ ਦੌਰਾਨ ਨਵੀਨ ਜਿੰਦਲ ਨੇ ਕਿਹਾ ਕਿ ਉਹ ਕੁਰੂਕਸ਼ੇਤਰ ਨੂੰ ਦੇਸ਼ ਦਾ ਮੋਹਰੀ ਸੰਸਦੀ ਹਲਕਾ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਤੇ ਕੈਥਲ ਵਿੱਚ ਵਿਸ਼ਵ ਪੱਧਰ ਦੇ ਦੋ ਹੁਨਰ ਕੇਂਦਰ ਸਥਾਪਤ ਕੀਤੇ ਜਾਣਗੇ। ਜਿਥੇ ਵਿਸ਼ਵ ਦੀਆਂ ਨਾਮੀ ਕੰਪਨੀਆਂ ਖੁਦ ਆ ਕੇ ਨੌਜਵਾਨਾਂ ਨੂੰ ਨੌਕਰੀਆਂ ਦੇਣਗੀਆਂ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਕੀਤੇ ਵਿਕਾਸ ਕਾਰਜਾਂ ਕਰਕੇ ਭਾਰਤ ਵਿਸ਼ਵ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਬਣ ਗਿਆ ਹੈ। ਪ੍ਰਧਾਨ ਮੰਤਰੀ ਨੇ ਗਰੀਬਾਂ, ਮਹਿਲਾਵਾਂ, ਬਜ਼ੁਰਗਾਂ ਤੇ ਨੌਜਵਾਨਾਂ ਸਣੇ ਹਰ ਵਰਗਾਂ ਲਈ ਤੇਜ਼ੀ ਨਾਲ ਕੰਮ ਕੀਤੇ ਹਨ। ਸਾਬਕਾ ਮੰਤਰੀ ਕ੍ਰਿਸ਼ਨ ਬੇਦੀ ਨੇ ਕਿਹਾ ਕਿ 'ਅਬ ਕੀ ਬਾਰ 400 ਪਾਰ' ਦਾ ਨਾਅਰਾ ਭਾਰਤ ਨੂੰ ਵਿਕਸਿਤ ਭਾਰਤ ਬਣਾਉਣ ਦਾ ਦਿਸ਼ਾ ਵਿਚ ਸਭ ਤੋਂ ਮਜ਼ਬੂਤ ਕਦਮ ਹੋਵੇਗਾ। ਇਸ ਮੌਕੇ ਭਾਜਪਾ ਆਗੂ ਸੰਦੀਪ ਗਰਗ, ਮੰਡਲ ਪ੍ਰਧਾਨ ਮੁਲਖ ਰਾਜ ਗੁੰਬਰ, ਕਰਨ ਰਾਜ ਸਿੰਘ ਤੂਰ, ਗੌਰਵ ਬੇਦੀ, ਮੋਹਿਤ ਸ਼ਰਮਾ, ਤਿਲਕ ਰਾਜ ਅਗਰਵਾਲ, ਬਲਦੇਵ ਰਾਜ ਸੇਠੀ, ਰਾਜੂ ਚਾਵਲਾ, ਤਰਲੋਚਨ ਸਿੰਘ ਹਾਂਡਾ, ਸਰਵਜੀਤ ਸਿੰਘ ਕਲਸਾਣੀ ਆਦਿ ਮੌਜੂਦ ਸਨ।

ਮੋਦੀ ਨੇ ਦੇਸ਼ ਦੇ ਜਵਾਨਾਂ ਨੂੰ ਮਜ਼ਦੂਰ ਬਣਾਇਆ: ਰਾਹੁਲ

ਪੰਚਕੂਲਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਜੇਕਰ 'ਇੰਡੀਆ' ਗੱਠਜੋੜ ਸੱਤਾ 'ਚ ਆਇਆ ਤਾਂ ਅਗਨੀਵੀਰ ਯੋਜਨਾ ਖਤਮ ਕਰਕੇ ਇਸ ਨੂੰ ਕੂੜੇਦਾਨ 'ਚ ਸੁੱਟ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਲੋਕ ਸਭਾ ਚੋਣਾਂ ਲਈ ਹਰਿਆਣਾ 'ਚ ਆਪਣੀਆਂ ਰੈਲੀਆਂ 'ਚ ਕਾਂਗਰਸ ਪ੍ਰਧਾਨ ਨੇ ਕਿਸਾਨਾਂ ਦੇ ਮੁੱਦੇ ਵੀ ਪ੍ਰਧਾਨ ਮੰਤਰੀ ਨੂੰ ਘੇਰਿਆ। ਉਨ੍ਹਾਂ ਅੱਜ ਮਹੇਂਦਰਗੜ੍ਹ, ਸੋਨੀਪਤ ਤੇ ਪੰਚਕੂਲਾ 'ਚ ਸੰਬੋਧਨ ਕੀਤਾ।

ਭਾਰਤ ਪਬਲਿਕ ਸਕੂਲ ਕਰਾਟਾ ਚੈਂਪੀਅਨਸ਼ਿਪ ਜਿੱਤੀ

ਸ਼ਾਹਬਾਦ ਮਾਰਕੰਡਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਾਬੈਨ ਨੇ ਜ਼ਿਲ੍ਹਾ ਕਰਾਟੇ ਚੌਂਪੀਅਨਸ਼ਿਪ ਵਿਚ ਅੰਡਰ-14 ਉਮਰ ਵਰਗ ਵਿਚ ਅੱਵਲ ਰਹਿੰਦਿਆਂ ਟਰਾਫੀ , ਤੇ ਕਬਜ਼ਾ ਕੀਤਾ ਤੇ 37 ਤਗ਼ਮੇ ਸਕੂਲ ਦੀ ਝੋਲੀ ਵਿੱਚ ਪਾਏ।

ਸਕੂਲ ਦੇ ਖੇਡ ਵਿਭਾਗ ਦੀ ਕੋਚ ਮਨਜੀਤ ਕੌਰ ਨੇ ਦੱਸਿਆ ਕਿ ਕੁਰੂਕਸ਼ੇਤਰ ਵਿਚ ਇੱਕ ਰੋਜ਼ਾ ਜ਼ਿਲ੍ਹਾ ਕਰਾਟੇ ਚੌਂਪੀਅਨਸ਼ਿਪ ਕਰਵਾਈ ਗਈ ਜਿਸ ਵਿਚ ਭਾਰਤ ਪਬਲਿਕ ਸਕੂਲ 17 ਸੋਨੇ, 13 ਚਾਂਦੀ ਅਤੇ ਸੱਤ ਕਾਂਸੀ ਦੇ ਤਗ਼ਮਿਆਂ ਨਾਲ ਕੁੱਲ 37 ਤਗ਼ਮੇ ਜਿੱਤੇ। ਜੇਤੂਆਂ ਖਿਡਾਰੀਆਂ ਵਿੱਚ ਪ੍ਰਾਚੀ, ਸਾਵੀ, ਜੈਨਿਸ਼, ਦਵਿਸ਼ਾ, ਵਾਨੀ, ਅਵਨੀ, ਭੂਮੀ, ਗੁਰਿੰਦਰ, ਰਿਹਾਨ, ਅਵਨੀ, ਆਰਵ ਸੈਣੀ, ਸਮਰ ਰਾਜ, ਯਤੀਸ਼ ਸੁਰਾ, ਆਦਿਤਿਆ ਧੀਮਾਨ, ਆਦਿਤਿਆ ਕਸ਼ਯਪ, ਅਰਸ਼ਤ ਨੇ ਸੋਨ ਤਗ਼ਮੇ ਹਾਸਲ ਕੀਤੇ। ਤਾਨੀਆ, ਹਿਮਾਨੀ, ਪ੍ਰਿਅਲ, ਭੂਮਿਕਾ, ਅੰਸ਼ੁਲ ਹਰਕੀਰਤ ਸਿੰਘ, ਰਿਸ਼ਵ, ਚੈਤੰਨਿਆ, ਰਾਘਵ, ਨਿਧੀ, ਅਨੁਜ ਸਿੰਘ, ਸ਼ਿਵਮ ਤੇ ਹਰਮਨ ਨੇ ਚਾਂਦੀ ਦੇ ਤਗ਼ਮੇ ਜਿੱਤੇ। ਮਾਹੀ ਸੈਣੀ, ਵਿਵਾਨ, ਅਨੰਤ, ਅਰਵ, ਯਸ਼, ਮਯੰਕ ਸੈਣੀ, ਯਸ਼ਪ੍ਰੀਤ ਨੂੰ ਕਾਂਸੀ ਦੇ ਤਗ਼ਮੇ ਮਿਲੇ। ਮੁਕਾਬਲੇ ਵਿਚ ਸਰਵੋਤਮ ਖਿਡਾਰੀ ਦਾ ਪੁਰਸਕਾਰ ਸਕੂਲ ਦੇ ਸਾਵੀ, ਪ੍ਰਾਚੀ ਤੇ ਆਦਿਤਿਆਂ ਨੇ ਜਿੱਤਿਆ।

ਸਕੂਲ ਦੇ ਪ੍ਰਧਾਨ ਓਮ ਨਾਥ ਸੈਣੀ ਨੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰਿੰਸੀਪਲ ਸੁਨੀਤਾ ਖੰਨਾ ਨੇ ਖਿਡਾਰੀਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਇਹ ਸਾਰੇ ਖਿਡਾਰੀ ਵਧਾਈ ਦੇ ਪਾਤਰ ਹਨ। ਉਨ੍ਹਾਂ ਕਰਾਟੇ ਦੇ ਕੋਚ ਨੂੰ ਵੀ ਵਧਾਈ ਦਿੰਦਿਆਂ ਕਿਹਾ ਕਿ ਇਹ ਸਭ ਉਨ੍ਹਾਂ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਖਿਡਾਰੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਗੁਰੂ ਨਾਨਕ ਖਾਲਸਾ ਵਿਦਿਅਕ ਸੰਸਥਾਵਾਂ ਵਿੱਚ ਕੌਮੀ ਜੈਵ-ਵਿਭਿੰਨਤਾ ਦਿਵਸ ਮਨਾਇਆ

ਸੱਪਾਂ ਦੇ ਕੱਟਣ ਬਾਰੇ ਮੁੱਢਲੀ ਜਾਣਕਾਰੀ

ਜੁਝਾਰ ਖੁਸ਼ਦਿਲ

ਸੱਪਾਂ ਦਾ ਨਾਂ ਸੁਣ ਕੇ ਹੀ ਬਹੁਤ ਸਾਰੇ ਲੋਕ ਡਰ ਜਾਂਦੇ ਹਨ । ਆਕੜਿਆਂ ਮੁਤਾਬਿਕ ਭਾਰਤ ਵਿਚ ਹਰ ਸਾਲ 250 ਲੱਖ ਲੋਕ ਸੱਪਾਂ ਦੇ ਕੱਟਣ ਦਾ ਸ਼ਿਕਾਰ ਹੁੰਦੇ ਹਨ। ਜਿਨ੍ਹਾਂ ਵਿੱਚੋਂ 50 ਹਜ਼ਾਰ ਲੋਕਾਂ ਦੀ ਮੌਤ ਹ�ो ਜਾਂਦੀ ਹੈ। ਇਹ ਜਾਨਾਂ ਜਾਣਕਾਰੀ ਦੀ ਘਾਟ ਹੋਣ ਕਰ ਕੇ ਜਾਂਦੀਆਂ ਹਨ। ਭਾਰਤ ਵਿਚ ਸੱਪਾਂ ਦੀਆਂ 250 ਕਿਸਮਾਂ ਮਿਲਦੀਆਂ ਹਨ। ਇੱਥੇ ਜ਼ਿਕਰ ਯੋਗ ਗੱਲ ਇਹ ਹੈ ਕਿ ਸਿਰਫ਼ 10 ਕਿਸਮ ਦੇ ਸੱਪ ਹੀ ਜ਼ਹਿਰੀਲੇ ਹੁੰਦੇ ਹਨ। ਜਿਸ ਦਾ ਮਤਲਬ 240 ਕਿਸਮ ਦੇ ਸੱਪਾਂ ਤੋਂ ਇਨਸਾਨ ਨੂੰ ਕੋਈ ਖ਼ਤਰਾ ਨਹੀਂ। ਵਿਸ਼ਵ ਵਿਚ ਸੱਪਾਂ ਦੀਆਂ ਲਗਪਗ 2500 ਕਿਸਮਾਂ ਪਾਈਆਂ ਜਾਂਦੀਆਂ ਹਨ। ਦੁਨੀਆ ਦੇ ਜ਼ਿਆਦੇ ਜ਼ਹਿਰੀਲੇ ਸੱਪ ਹਨ ਜਿਵੇਂ ਆਸਟਰੇਲੀਆ ਟਾਇਗਰ , ਅਫਰੀਕਾ ਵਿਚ ਮਿਲਣ ਵਾਲਾ ਬਲੈਕ ਬਾਮਾ , ਇਹ ਸੱਪ ਆਪਣੇ ਦੰਦਾਂ ਵਿਚ ਸਭ ਤੋਂ ਵੱਧ ਜ਼ਹਿਰ ਸਟੋਰ ਕਰਦੇ ਹਨ। ਜਿਸ ਨੂੰ ਕੱਟਣ ਸਮੇਂ ਇਨਸਾਨ ਦੇ ਸਰੀਰ ਵਿਚ ਛੱਡ ਦਿੰਦੇ ਹਨ, ਜ਼ਹਿਰ ਦੀ ਮਾਤਰਾ 6 ਐੱਮਐੱਲਏ ਤੋਂ 7 ਐੱਮਐੱਲਏ ਤਕ ਹੋ ਸਕਦੀ ਹੈ। ਸੱਪਾਂ ਦੇ ਕੱਟਣ 'ਤੇ ਇਸ ਦਾ ਡਰ ਇਨ੍ਹਾਂ ਹੁੰਦਾ ਹੈ ਕਿ ਬਹੁਤ ਗਿਣਤੀ ਦੇ ਇਨਸਾਨ ਹਾਰਟ ਅਟੈਕ ਨਾਲ ਮਰ ਜਾਂਦੇ ਹਨ, ਨਾ ਕੇ ਜ਼ਹਿਰ ਨਾਲ। ਜੇ ਇਨਸਾਨ ਨੂੰ ਕਾਫ਼ੀ ਜ਼ਹਿਰੀਲਾ ਸੱਪ ਕੱਟ ਲੈਂਦਾ ਹੈ ਤਾਂ ਉਸ ਦੀ 99 ਫ਼ੀਸਦੀ ਮੌਤ ਹੋ ਸਕਦੀ ਹੈ। ਮਾਹਿਰਾਂ ਮੁਤਾਬਿਕ ਉਸ ਕੋਲ ਢਾਈ ਘੰਟਿਆਂ ਦਾ ਸਮਾਂ ਹੁੰਦਾ ਹੈ। ਇਸ ਸਮੇਂ 'ਚ ਮੁੱਢਲੀ ਸਹਾਇਤਾ ਲੈਣੀ ਚਾਹੀਦੀ ਹੈ। ਥੋੜ੍ਹੀ ਜਿਹੀ ਹੁਸ਼ਿਆਰੀ ਤੇ ਜਾਣਕਾਰੀ ਹੋਣੀ ਚਾਹੀਦਾ ਹੈ ਕਿਉਂਕਿ ਮਾਹਿਰਾਂ ਮੁਤਾਬਿਕ ਜ਼ਹਿਰ ਨੂੰ ਪੂਰੇ ਸਰੀਰ ਵਿਚ ਫੈਲਣ ਲਈ ਢਾਈ ਘੰਟਿਆਂ ਦਾ ਸਮਾਂ ਲੱਗ ਸਕਦਾ ਹੈ। ਜੇ ਲੱਤ, ਬਾਂਹ 'ਤੇ ਕੱਟਿਆ ਹੋਵੇ ਤਾਂ ਉਸ ਨੂੰ ਬਰੀਕ ਰੱਸੀ ਨਾਲ ਦੋ- ਤਿੰਨ ਜਗ੍ਹਾ ਤੋਂ ਬੰਨ੍ਹੋ। ਜਦੋਂ ਦਿਮਾਗ਼ ਤਕ ਜ਼ਹਿਰ ਪਹੁੰਚ ਜਾਂਦਾ ਹੈ ਤਾਂ ਮੌਤ ਯਕੀਨੀ ਹੈ। ਸੱਪਾਂ ਦਾ ਖ਼ੂਨ ਠੰਢਾ ਹੋਣ ਕਰਕੇ ਜ਼ਿਆਦਾ ਤਰ ਗਰਮੀਆਂ ਵਿਚ ਦੇਖੇ ਜਾਂਦੇ ਹਨ। ਸਰਦੀਆਂ ਵਿਚ ਖ਼ੂਨ ਜੰਮਣ ਕਰ ਕੇ ਘੱਟ ਘਟਨਾਵਾਂ ਹੁੰਦੀਆਂ ਹਨ। ਗਰਮੀਆਂ ਵਿਚ ਵੱਧ ਸਾਵਧਾਨੀਆਂ ਦੀ ਲੋੜ ਹੈ । ਜਾਣਕਾਰੀ ਦੀ ਘਾਟ ਮੌਤਾਂ ਦਾ ਕਾਰਨ ਬਣ ਜਾਂਦੀ ਹੈ। ਭਾਰਤ ਵਿਚ ਮਿਲਣ ਵਾਲੇ ਕੁੱਝ ਖ਼ਤਰਨਾਕ ਜ਼ਹਿਰੀਲੇ ਸੱਪਾਂ ਬਾਰੇ ਜਿਵੇਂ:- ਕਿੰਗ ਕੋਬਰਾ (ਕਾਲਾ ਨਾਗ) ,ਵਾਇਪਰ, ਰੂਸਲ ਵਾਇਪਰ, ਮੋਨਸ, ਫਰਜਾ, ਮਨਨੀਲ, ਕਰੈਟ, ਇਹ ਬਹੁਤ ਹੀ ਜ਼ਿਆਦਾ ਜ਼ਹਿਰੀਲੇ ਸੱਪ ਹਨ।

ਇਲਾਜ

ਆਯੁਰਵੈਦਿਕ ਦੇ ਸਿਧਾਂਤ ਮੁਤਾਬਿਕ ਜਿਵੇਂ ਲੋਹਾ ਲੋਹੇ ਨੂੰ ਕੱਟਦਾ ਹੈ। ਸੱਪ ਦੇ ਕੱਟੇ ਇਨਸਾਨ ਨੂੰ ਵੀ ਬਹੁਤ ਜ਼ਿਆਦਾ ਜ਼ਹਿਰੀਲੇ ਸੱਪ ਦੇ ਜ਼ਹਿਰ ਤੋਂ ਬਣੀ ਦਵਾਈ ਦੇ ਕੇ ਜ਼ਹਿਰ ਕੱਢਿਆ ਜਾਂਦਾ ਹੈ। ਇਹ ਦਵਾਈ ਕਰੈਟ ਨਾਂ ਦੇ ਸੱਪ ਤੋਂ ਬਣਦੀ ਹੈ। ਕੋਈ ਖ਼ਤਰੇ ਵਾਲੀ ਗੱਲ ਨਹੀਂ ਕਿ ਦਵਾਈ ਜ਼ਹਿਰ ਤੋਂ ਬਣੀ ਹੈ। ਦੇਸੀ ਭਾਸ਼ਾ ਵਿਚ ਸੂੱਧ ਕਰਕੇ ਬਣਾਈ ਕਹਿ ਸਕਦੇ ਹਾਂ। ਤੁਹਾਡੀ ਥੋੜ੍ਹੀ ਜਿਹੀ ਜਾਣਕਾਰੀ ਹਸਪਤਾਲ ਸਹੀ ਸਲਾਮਤ ਪਹੁੰਚਾਉਣ ਵਿਚ ਸਹਾਈ ਹੋ ਸਕਦੀ ਹੈ। ਹੋ ਸਕਦਾ ਇਸ ਦੀ ਲੋੜ ਨਾ ਵੀ ਪਵੇ। ਮਰੀਜ਼ ਨੂੰ ਮਾਨਸਿਕ ਤੌਰ 'ਤੇ ਇਨ੍ਹਾਂ ਹੌਸਲਾ ਦੇਵੋ ਕਿ ਜ਼ਹਿਰ ਦੇ ਡਰ ਕਾਰਨ ਉਸ ਦਾ ਮਨੋਬਲ ਨਾ ਟੂਟੇ।

ਸਹਾਇਤਾ

ਜੇ ਲੱਤ ਜਾਂ ਬਾਂਹ 'ਤੇ ਡੰਗ ਹੈ ਤਾਂ ਬਰੀਕ ਰੱਸੀ ਨਾਲ ਦੋ- ਤਿੰਨ ਥਾਵਾਂ ਤੋਂ ਬੰਨ੍ਹ ਦੇਵੋ।

ਇਕ ਵਧੀਆ ਸਰਿੰਜ ਲਵੋ ਆਮ ਨਾਲੋਂ ਥੋੜ੍ਹੀ ਵੱਡੀ ਹੋਵੇ ਤਾਂ ਜ਼ਿਆਦਾ ਵਧੀਆ ਸਰਿੰਜ ਦਾ ਅਗਲਾ ਪਿੱਸਾ ਜਿੱਥੇ ਸੂਈਆਂ ਚੜ੍ਹਦੀਆਂ ਹਨ ਉਸ ਨੂੰ ਕੱਟ ਦੇਵੋ। ਉਸ ਤੋਂ ਬਾਅਦ ਡੰਗ ਦੇ ਦੋਵੇ ਨਿਸ਼ਾਨਾਂ ਤੇ ਵਾਰੀ -ਵਾਰੀ ਸਰਿੰਜ ਦਾ ਮੂੰਹ ਕੱਟਿਆ ਹੋਇਆ ਟਿਕਾ ਕੇ ਰੱਖੋ ਅਤੇ ਸਰਿੰਜ ਨੂੰ ਪਿੱਛੇ ਨੂੰ ਖਿੱਚੋ ਸਰਿੰਜ ਖ਼ੂਨ ਨਾਲ ਭਰ ਜਾਵੇ ਤਾਂ ਖ਼ਾਲੀ ਕਰ ਦੇਵੋ। ਇਹ ਪ੍ਰਕਿਰਿਆ ਓਨੀ ਕੁ ਦੇਰ ਕਰੋ ਕਿ ਖ਼ੂਨ ਵਿਚ ਰਲਿਆ ਜ਼ਹਿਰ ਸਰਿੰਜ ਰਾਹੀਂ ਨਿਕਲ ਜਾਵੇ। ਨਿਸ਼ਾਨੀ ਦੇ ਤੌਰ 'ਤੇ ਜ਼ਹਿਰ ਵਾਲਾ ਖ਼ੂਨ ਆਮ ਨਾਲੋਂ ਥੋੜ੍ਹਾ ਕਾਲਾ ਹੋਵੇਗਾ । ਜਦੋਂ ਸਹੀ ਰੰਗ ਦਾ ਖ਼ੂਨ ਆ ਜਾਵੇ ਰੁਕ ਜਾਵੋ। 94172-10015

ਕਰੋ ਯੋਗ ਰਹੋ ਅਰੋਗ

ਡਾ. ਫ਼ਕੀਰ ਚੰਦ ਸ਼ੁਕਲਾ

ਲੋਕਾਂ ਦਾ ਹਾਜ਼ਮਾ ਅਕਸਰ ਇਸ ਕਰਕੇ ਖ਼ਰਾਬ ਹੋ ਜਾਂਦਾ ਹੈ ਕਿ ਉਸ ਭਾਗ ਵਿਚ ਪੂਰੀ ਤਰ੍ਹਾਂ ਖ਼ੂਨ ਨਹੀਂ ਪਹੁੰਚਦਾ ਪਰ ਯੋਗ ਕਰਨ ਨਾਲ ਸਰੀਰ ਦੇ ਹਰ ਹਿੱਸੇ ਵਿਚ ਖ਼ੂਨ ਦਾ ਸੰਚਾਰ ਇਕੋ ਜਿਹਾ ਹੋਣ ਕਰਕੇ ਪਾਚਨ ਸ਼ਕਤੀ ਠੀਕ ਰਹਿੰਦੀ ਹੈ। ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗਾ ਜਾਂ ਕਸਰਤ ਕਰਨੀ ਬਹੁਤ ਜ਼ਰੂਰੀ ਹੈ...

ਯੋਗ ਸੰਸਕ੍ਰਿਤ ਸ਼ਬਦ 'ਯੁਜ' ਤੋਂ ਲਿਆ ਗਿਆ ਹੈ ਜਿਸ ਦਾ ਮਤਲਬ ਹੈ ਜੋੜਨਾ ਜਾਂ ਇੱਕਠੇ ਹੋਣਾ। ਸਰੀਰ ਨੂੰ ਇੰਦਰੀਆਂ ਨਾਲ ਅਤੇ ਇੰਦਰੀਆਂ ਨੂੰ ਮਨ ਨਾਲ ਜੋੜ ਕੇ ਪ੍ਰਮਾਤਮਾ ਵਿਚ ਲੀਨ ਹੋ ਜਾਣਾ ਹੀ ਯੋਗ ਹੈ। ਜੋ ਦਿਮਾਗ਼ ਅਤੇ ਸਰੀਰ, ਮਨੁੱਖ ਅਤੇ ਕੁਦਰਤ ਵਿਚਾਲੇ ਸ਼ਾਨਦਾਰ ਇਕਸੁਰਤਾ ਦੀ ਸੂਚਕ ਹੈ। ਯੋਗ ਦਾ ਉਦੇਸ਼ ਸਵੈ ਅਨੁਭਵ ਕਰਨਾ ਹੈ। ਸਾਰੇ ਦੁਖਾਂ 'ਤੇ ਕਾਬੂ ਪਾਉਣਾ ਹੈ ਜਿਸ ਨਾਲ ਮੁਕਤੀ ਜਾਂ ਆਜ਼ਾਦੀ ਦੀ ਪ੍ਰਾਪਤੀ ਹੁੰਦੀ ਹੈ। ਜ਼ਿੰਦਗੀ ਦੇ ਸਾਰੇ ਪੱਖਾਂ ਵਿਚ ਆਜ਼ਾਦੀ ਨਾਲ ਰਹਿਣਾ ਸਿਹਤ ਅਤੇ ਇਕਸੁਰਤਾ ਇਹ ਯੋਗ ਦੇ ਪ੍ਰਮੁੱਖ ਉਦੇਸ਼ ਹੋਣੇ ਚਾਹੀਦੇ ਹਨ। ਯੋਗ ਪ੍ਰਥਾ ਦਾ ਆਰੰਭ ਸੱਭਿਅਤਾ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ ਭਾਵੇਂ ਕਿ ਯੋਗ ਪੂਰਵ-ਵੇਦਿਕ ਕਾਲ ਵਿਚ ਵੀ ਪਰਚਲਤ ਸੀ। ਮਹਾਨ ਸੰਤ ਮਹਾਰਿਸ਼ੀ ਪੰਤੀਜਲੀ ਨੇ ਆਪਣੇ ਯੋਗ ਸੂਤਰਾਂ ਦੁਆਰਾ ਉਦੋਂ ਦੀਆਂ ਯੋਗ ਪ੍ਰਥਾਵਾਂ ਇਸ ਦੇ ਮਤਲਬ ਅਤੇ ਸੰਬੰਧਿਤ ਜਾਣਕਾਰੀ ਨੂੰ ਪ੍ਰਣਾਲੀਗਤ ਅਤੇ ਸੂਚੀਬੱਧ ਕੀਤਾ। ਇਸ ਤੋਂ ਬਾਅਦ ਬਹੁਤ ਸਾਰੇ ਸੰਤਾਂ ਅਤੇ ਯੋਗ ਸ਼ਾਸਤਰੀਆਂ ਨੇ ਆਪਣੀਆਂ ਦਸਤਾਵੇਜ਼ੀ ਪ੍ਰਥਾਵਾਂ ਅਤੇ ਸਾਹਿਤ ਦੁਆਰਾ ਇਸ ਖੇਤਰ ਦੀ ਸੰਭਾਲ ਅਤੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਮਹਾਰਿਸ਼ੀ ਪਤੰਜਲੀ ਦੇ ਮੁਤਾਬਕ ਯੋਗ ਦੇ ਅੱਠ ਅੰਗ ਕਹੇ ਗਏ ਹਨ। 'ਯਮ' ਸਮਾਜ ਭਲਾਈ ਲਈ, 'ਨਿਯਮ' ਅਪਣੇ ਵਰਤਾਓ ਨੂੰ ਚੰਗਾ ਬਨਾਉਣ ਲਈ, 'ਆਸਨ' ਸਰੀਰ ਨੂੰ ਤੰਦਰੁਸਤ ਬਨਾਉਣ ਲਈ, 'ਪ੍ਰਾਣਾਯਾਮ' ਮਾਨਸਿਕ ਵਿਕਾਰ (ਅਲਾਮਤਾਂ) ਦੂਰ ਕਰਨ ਲਈ, 'ਪ੍ਰਤਿਹਾਰਾ' ਆਪਣੀ ਚੇਤਨਾ ਅਤੇ ਇੰਦਰੀਆਂ ਨੂੰ ਅੰਤਰਮੁਖੀ ਬਨਾਉਣ ਲਈ, 'ਧਾਰਣਾ' ਇਕਸੁਰਤਾ ਵਧਾਉਣ ਲਈ ਹੈ, 'ਧਿਆਨ' ਮਨ ਨੂੰ ਸ਼ੁੱਧ ਕਰਨ ਲਈ ਹੈ। ਇਸ ਤਰ੍ਹਾਂ ਯੋਗ ਸਾਡੇ ਨਿੱਜੀ ਜੀਵਨ ਤੋਂ ਲੈ ਕੇ ਸਮਾਜਿਕ ਜੀਵਨ ਤਕ ਸਭ ਕੁਝ ਤਰਤੀਬ ਵਿਚ ਲਿਆ ਦੇਂਦਾ ਹੈ।

ਲਾਭ

ਅੱਜਕੱਲ੍ਹ ਦੀ ਨੱਠ-ਭੱਜ ਦੀ ਜ਼ਿੰਦਗੀ ਵਿਚ ਨਾ ਬੰਦੇ ਨੂੰ ਚੈਨ ਹੈ ਅਤੇ ਨਾ ਹੀ ਆਰਾਮ ਅਤੇ ਨਾ ਹੀ ਉਹ ਆਪਣੀ ਖ਼ੁਰਾਕ ਵੱਲ ਧਿਆਨ ਦੇਂਦਾ ਹੈ ਜਿਸ ਕਰਕੇ ਬਿਮਾਰੀਆਂ ਲੱਗ ਜਾਣੀਆਂ ਆਮ ਜਿਹੀ ਗੱਲ ਹੋ ਗਈ ਹੈ। ਜੇ ਅੱਜ ਦੀ ਗੱਲ ਕਰੀਏ ਤਾਂ ਸਾਡੇ ਰਹਿਣ-ਸਹਿਣ ਤੇ ਜੀਵਨ ਦਾ ਢੰਗ ਵੀ ਬਦਲ ਗਿਆ ਹੈ। ਹਰ ਵੇਲੇ ਪੈਸੇ ਕਮਾਉਣ ਦਾ ਹੀ ਫਿਕਰ ਰਹਿੰਦਾ ਹੈ ਤੇ ਬੰਦੇ ਨੂੰ ਬਹੁਤ ਘੱਟ ਸਰੀਰਕ ਅਤੇ ਮਾਨਸਿਕ ਆਰਾਮ ਮਿਲਦਾ ਹੈ। ਇਹੋ ਜਿਹੀ ਹਾਲਤ ਵਿਚ ਬਿਮਾਰੀਆਂ ਨਹੀ ਚਿੰਬੜਣਗੀਆਂ ਤਾਂ ਹੋਰ ਕੀ ਹੋਵੇਗਾ। ਹਰ ਬੰਦਾ ਚਾਹੁੰਦਾ ਹੈ ਕਿ ਉਹ ਨਿਰੋਗ ਹੋਵੇ ਭਾਵ ਉਸ ਨੂੰ ਕੋਈ ਰੋਗ ਨਾ ਹੋਵੇ ਪਰ ਸਿਰਫ਼ ਚਾਹੁਣ ਨਾਲ ਤਾਂ ਗੱਲ ਨਹੀ ਬਣਦੀ। ਸਾਨੂੰ ਸਰੀਰਕ ਕੰਮ ਤਾਂ ਕਰਨਾ ਹੀ ਪਵੇਗਾ। ਕੁਝ ਲੋਕ ਸੈਰ ਕਰਦੇ ਹਨ ਪਰ ਸੈਰ ਕਰਨ ਵਾਲੇ ਵਿਅਕਤੀ ਦੇ ਪੈਰਾਂ ਵਿਚ ਹਰਕਤ ਹੋਣ ਨਾਲ ਸਿਰਫ਼ ਹੇਠਲੇ ਪਾਸੇ ਹੀ ਖ਼ੂਨ ਦਾ ਸੰਚਾਰ ਹੁੰਦਾ ਹੈ। ਦੌੜਾਂ ਲਗਾਉਣ ਵਾਲੇ ਬੰਦੇ ਦੀ ਸਰੀਰਕ ਹਰਕਤ ਤੇਜ਼ ਹੋਣ ਕਰਕੇ ਦਿਲ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ ਜਿਹੜਾ ਕਿ ਉਮਰ ਵਧਣ ਨਾਲ ਨੁਕਸਾਨ ਦੇਹ ਸਾਬਤ ਹੋ ਸਕਦਾ ਹੈ। ਸੈਰ ਦਾ ਲਾਭ ਲਗਪਗ 4-5 ਕਿੱਲੋਮੀਟਰ ਕਰਨ ਵਾਲੇ ਨੂੰ ਹੀ ਹੁੰਦਾ ਹੈ ਪਰ ਇਸ ਲਈ ਸਮਾਂ ਵੀ ਤਾਂ ਕਾਫ਼ੀ ਚਾਹੀਦਾ ਹੈ। ਅੱਜਕੱਲ੍ਹ ਦੇ ਮਨੁੱਖ ਕੋਲ ਸਮੇਂ ਦੀ ਤਾਂ ਹਮੇਸ਼ਾ ਹੀ ਘਾਟ ਰਹਿੰਦੀ ਹੈ। ਭਲਵਾਨਾਂ ਨੂੰ ਵੀ ਤੁਸੀਂ ਵੇਖਿਆ ਹੀ ਹੈ। ਜੁਆਨੀ ਵਿਚ ਖ਼ੂਬ ਡੰਡ ਬੈਠਕਾਂ ਮਾਰਦੇ ਨੇ ਪਰ ਉਮਰ ਵਧਣ 'ਤੇ ਜੋੜਾਂ ਦੇ ਦਰਦ ਉਨ੍ਹਾਂ ਦੀ ਬਸ ਕਰਵਾ ਦੇਂਦੇ ਹਨ। ਇਸ ਲਈ ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗ ਕਰਨਾ ਚਾਹੀਦਾ ਹੈ। ਹੋਰ ਤਰ੍ਹਾਂ ਦੇ ਵਯਾਯਾਮ ਕਰਨ ਨਾਲੋਂ ਯੋਗ ਆਸਨਾਂ ਦੇ ਕਈ ਲਾਭ ਹਨ। ਆਮ ਵਯਾਯਾਮ ਕਰਨ ਨਾਲ ਸਰੀਰ ਵਿਚ ਕੈੜਾਪਨ ਆ ਜਾਂਦਾ ਹੈ ਪਰ ਯੋਗ ਕਰਨ ਨਾਲ ਸਰੀਰ ਲਚੀਲਾ ਬਣਦਾ ਹੈ। ਯੋਗ ਕਰਨ ਨਾਲ ਸਰੀਰ ਲਈ ਲੋੜੀਦੀਆਂ ਗ੍ਰੰਥੀਆਂ 'ਚੋਂ ਸਮਾਨ ਰੂਪ ਵਿਚ ਰਸ ਨਿਕਲਦਾ ਹੈ ਜਦੋਂ ਕਿ ਹੋਰ ਤਰ੍ਹਾਂ ਦੇ ਸਰੀਰਕ ਵਯਾਯਾਮ ਕਰਨ ਨਾਲ ਇੰਝ ਨਹੀ ਹੁੰਦਾ। ਆਮ ਤਰ੍ਹਾਂ ਨਾਲ ਵਰਜਿਸ਼ ਕਰਨ ਨਾਲ ਥਕਾਵਟ ਹੋ ਜਾਂਦੀ ਹੈ ਜਦੋਂ ਕਿ ਯੋਗ ਕਰਨ ਨਾਲ ਥਕਾਵਟ ਤਾਂ ਦੂਰ ਹੁੰਦੀ ਹੀ ਹੈ ਸਰੀਰ ਹਲਕਾ ਅਤੇ ਫੁਰਤੀਲਾ ਬਣਦਾ ਹੈ।

ਯੋਗ ਕਰਨ ਨਾਲ ਇਕਸੁਰਤਾ ਅਤੇ ਜੀਵਨ ਵਿਚ ਸੁਧਾਰ ਆਉਂਦਾ ਹੈ। ਫਜ਼ੂਲ ਦੇ ਵਿਚਾਰਾਂ ਦੀ ਬਜਾਏ ਚੰਗੇ ਵਿਚਾਰ ਮਨ ਵਿਚ ਪੈਦਾ ਹੁੰਦੇ ਹਨ। ਬਜ਼ੁਰਗ ਅਤੇ ਕਮਜ਼ੋਰ ਬੰਦੇ ਹਰ ਤਰ੍ਹਾਂ ਦੇ ਵਯਾਯਾਮ ਨਹੀਂ ਕਰ ਸਕਦੇ ਪਰ ਯੋਗ ਵਿਚ ਅਜਿਹੀ ਕੋਈ ਅੜਚਨ ਨਹੀ ਆਉਂਦੀ। ਕਮਜ਼ੋਰ ਅਤੇ ਰੋਗੀ ਵੀ ਯੋਗ ਦੇ ਮਾਹਿਰ ਦੀ ਸਲਾਹ ਮੁਤਾਬਕ ਯੋਗ ਕਰ ਸਕਦੇ ਹਨ। 12 ਸਾਲ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਵੀ ਅਸਾਨੀ ਨਾਲ ਯੋਗ ਕਰ ਸਕਦੇ ਹਨ। ਯੋਗ ਕਰਨ ਨਾਲ ਰੋਗ ਨਹੀ ਲੱਗਦੇ ਪਰ ਹੋਰ ਤਰ੍ਹਾਂ ਦੇ ਵਯਾਯਾਮ ਕਰਨ ਨਾਲ ਰੋਗਾਂ ਤੋਂ ਹਮੇਸ਼ਾ ਲਈ ਛੁਟਕਾਰਾ ਨਹੀ ਮਿਲਦਾ। ਲੋਕਾਂ ਦਾ ਹਾਜਮਾ ਅਕਸਰ ਇਸ ਕਰਕੇ ਖ਼ਰਾਬ ਹੋ ਜਾਂਦਾ ਹੈ ਕਿ ਉਸ ਭਾਗ ਵਿਚ ਪੂਰੀ ਤਰ੍ਹਾਂ ਖ਼ੂਨ ਨਹੀ ਪਹੁੰਚਦਾ ਪਰ ਯੋਗ ਕਰਨ ਨਾਲ ਸਰੀਰ ਦੇ ਹਰ ਹਿੱਸੇ ਵਿਚ ਖ਼ੂਨ ਦਾ ਸੰਚਾਰ ਇਕੋ ਜਿਹਾ ਹੋਣ ਕਰਕੇ ਪਾਚਨ ਸ਼ਕਤੀ ਠੀਕ ਰਹਿੰਦੀ ਹੈ। ਯੋਗ ਆਸਨ ਰੋਗ ਵਿਕਾਰਾਂ ਨੂੰ ਨਸ਼ਟ ਕਰਦੇ ਹਨ ਕਿਉਂਕਿ ਇਸ ਨਾਲ ਸਰੀਰ ਦੇ ਹਰ ਭਾਗ 'ਤੇ ਇਸ ਦਾ ਪ੍ਰਭਾਵ ਪੈਂਦਾ ਹੈ ਅਤੇ ਸਰੀਰ ਦੇ ਸਾਰੇ ਅੰਗ ਆਪਣੇ ਕੰਮ ਠੀਕ ਤਰੀਕੇ ਨਾਲ ਕਰਨ ਲੱਗਦੇ ਹਨ। ਯੋਗ ਆਸਨ ਕਰਨ ਨਾਲ ਬੰਦੇ ਦੀ ਨਜ਼ਰ ਵੀ ਤੇਜ਼ ਹੋ ਜਾਂਦੀ ਹੈ। ਆਸਨਾਂ ਨੂੰ ਨੀਮਤ ਤੌਰ 'ਤੇ ਕਰਨ ਵਾਲਿਆਂ ਦੇ ਐਨਕ ਵੀ ਨਹੀ ਲੱਗਦੀ। ਕਈ ਬੰਦਿਆਂ ਦੇ ਤਾਂ ਨੀਮਤ ਯੋਗ ਆਸਨ ਕਰਨ ਨਾਲ ਐਨਕਾਂ ਵੀ ਉਤਰ ਗਈਆਂ ਹਨ।

ਸਾਵਧਾਨੀਆਂ

ਯੋਗ ਚਿਕਿਤਸਾ ਨੂੰ ਅੱਜਕੱਲ੍ਹ ਦੁਨੀਆ ਦੇ ਬਹੁਤ ਸਾਰੇ ਭਾਗਾਂ ਵਿਚ ਵਿਕਲਪਕ ਸਿਹਤ ਸੰਭਾਲ ਪ੍ਰਥਾ ਵੱਜੋਂ ਵਰਤਿਆ ਜਾ ਰਿਹਾ ਹੈ। ਯੋਗ ਕਰਨ ਦੇ ਬੇਸ਼ੁਮਾਰ ਲਾਭ ਹਨ ਪਰ ਯੋਗ ਆਸਨਾਂ ਨੂੰ ਕਰਨ ਵੇਲੇ ਕੁਝ ਸਾਵਧਾਨੀਆਂ ਜ਼ਰੂਰ ਵਰਤਣੀਆਂ ਚਾਹੀਦੀਆਂ ਹਨ ਨਹੀਂ ਤਾਂ ਕਈ ਵਾਰੀ ਨੁਕਸਾਨ ਵੀ ਹੋ ਸਕਦਾ ਹੈ। ਸ਼ੁਰੂ-ਸ਼ੁਰੂ ਵਿਚ ਯੋਗ ਕਿਸੇ ਯੋਗ ਮਾਹਿਰ ਦੀ ਨਿਗਰਾਨੀ ਵਿਚ ਕਰਨਾ ਚਾਹੀਦਾ ਹੈ। ਕਿਤਾਬਾਂ ਵਿਚ ਪੜ੍ਹ ਕੇ ਜਾਂ ਟੀ ਵੀ 'ਤੇ ਵੇਖ ਕੇ ਤੁਸੀਂ ਆਸਨ ਠੀਕ ਤਰ੍ਹਾਂ ਨਹੀ ਕਰ ਪਾਓਗੇ ਤੇ ਇਸ ਤਰ੍ਹਾਂ ਯੋਗ ਕਰਨਾ ਦਾ ਲਾਭ ਨਹੀ ਮਿਲੇਗਾ। ਯੋਗ ਆਸਨ ਖ਼ਾਲੀ ਪੇਟ ਕਰਨੇ ਚਾਹੀਦੇ ਹਨ। ਚੰਗਾ ਹੋਵੇ ਤੁਸੀਂ ਸਵੇਰੇ-ਸਵੇਰੇ ਆਸਨ ਕਰੋ ਕਿਉਂਕਿ ਉਸ ਵੇਲੇ ਵਾਤਾਵਰਨ ਸਾਫ਼ ਹੁੰਦਾ ਹੈ ਅਤੇ ਹਵਾ ਵਿਚ ਆਕਸੀਜਨ ਦੀ ਮਾਤਰਾ ਵੀ ਜ਼ਿਆਦਾ ਹੁੰਦੀ ਹੈ। ਆਸਨ ਕਰਨ ਤੋਂ ਅੱਧਾ ਘੰਟਾ ਮਗਰੋਂ ਹਲਕਾ ਭੋਜਨ ਕਰਨਾ ਚਾਹੀਦਾ ਹੈ। ਆਸਨਾਂ ਦੇ ਅੱਧਾ ਘੰਟਾ ਮਗਰੋਂ ਇਕ ਗਲਾਸ ਪਾਣੀ ਪੀ ਸਕਦੇ ਹੋ।

- ਜਿੰਨ੍ਹਾਂ ਨੂੰ ਦਿਲ ਦੀ ਪਰੇਸ਼ਾਨੀ ਹੈ ਭਾਵ ਦਿਲ ਦਾ ਦੌਰ ਪਿਆ ਹੋਵੇ ਤਾਂ ਉਹ ਦਿਲ ਦੇ ਦੌਰੇ ਤੋਂ ਇਕ-ਡੇੜ ਮਹੀਨੇ ਮਗਰੋਂ ਆਸਨ ਸ਼ੁਰੂ ਕਰ ਸਕਦੇ ਹਨ ਪਰ ਪਹਿਲਾਂ ਸ਼ਵਆਸਨ ਤੋਂ ਸ਼ੁਰੂ ਕਰਕੇ ਹਲਕੇ-ਫੁਲਕੇ ਆਸਨ ਬਾਅਦ ਵਿਚ ਕਰੋ।
- ਮੌਸਮ ਦੇ ਮੁਤਾਬਕ ਕਪੜੇ ਪਾਉਣੇ ਚਾਹੀਦੇ ਹਨ। ਗਰਮੀਆਂ ਵਿਚ ਘੱਟ ਅਤੇ ਖੁੱਲ੍ਹ-ਡੁਲ੍ਹੇ ਕਪੜੇ ਅਤੇ ਸਰਦੀਆਂ ਵਿਚ ਸਿਰਫ਼ ਓਨੇ ਹੀ ਕਪੜੇ ਪਾਓ ਜਿਹਦੇ ਨਾਲ ਠੰਢ ਤੋਂ ਬਚਿਆ ਜਾ ਸਕੇ।
- ਦਿਲ ਦੇ ਰੋਗੀਆਂ ,ਹਾਈ ਬਲੱਡ ਪ੍ਰੈਸ਼ਰ ਵਾਲੇ ਬੰਦਿਆਂ ਨੂੰ ਆਸਨ ਕਰਨ ਵੇਲੇ ਕੋਈ ਵੀ ਅਜਿਹਾ ਆਸਨ ਨਹੀ ਕਰਨਾ ਚਾਹੀਦਾ ਜਿਸ ਵਿਚ ਕੁਝ ਸਮੇਂ ਲਈ ਸਾਹ ਰੋਕਣਾ ਹੋਵੇ। ਅੱਜਕੱਲ੍ਹ ਆਮ ਜਿਹੀ ਬਿਮਾਰੀ ਹੋਣ 'ਤੇ ਹੀ ਇਲਾਜ ਕਰਵਾਉਂਦਿਆਂ ਬੰਦੇ ਦੀ ਬਸ ਹੋ ਜਾਂਦੀ ਹੈ। ਮਹਿੰਗਾਈ ਦਾ ਜ਼ਮਾਨਾ ਹੈ। ਆਮ ਬੰਦੇ ਲਈ ਤਾਂ ਗੁਜ਼ਾਰਾ ਕਰਨਾ ਔਖਾ ਹੈ ਫੇਰ ਮਹਿੰਗੀ

ਰਾਗ ਨਾਦ ਸਬਦਿ ਸੋਹਲੇ 15

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 15ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਸੂਹੀ' ਬਾਰੇ...

ਰਾਗ ਸੂਹੀ

ਸੂਹੀ ਰਾਗ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਵਿਚ ਪੰਦਰਵੇਂ ਸਥਾਨ 'ਤੇ ਆਉਂਦਾ ਹੈ। ਇਸ ਰਾਗ ਵਿਚਲੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 728 ਤੋਂ 794 ਤਕ ਸੁਸ਼ੋਭਿਤ ਹੈ। ਭਾਵੇਂ ਇਹ ਰਾਗ ਅਪ੍ਰਚਲਿਤ ਰਾਗ ਮੰਨਿਆ ਜਾਂਦਾ ਹੈ ਪਰ ਗੁਰਮਤਿ ਸੰਗੀਤ ਦੇ ਖੇਤਰ ਵਿਚ ਇਕ ਪ੍ਰਸਿੱਧ ਰਾਗ ਹੈ। ਇਸ ਦਾ ਮੁੱਖ ਕਾਰਨ ਹੈ ਕਿ ਸਿੱਖ ਦੇ ਜੀਵਣ ਦੇ ਇਕ ਮਹੱਤਵਪੂਰਣ ਅੰਗ 'ਅਨੰਦ ਕਾਰਜ' ਮੌਕੇ ਗੁਰੂ ਰਾਮਦਾਸ ਜੀ ਵੱਲੋਂ ਸੂਹੀ ਰਾਗ ਵਿਚ ਉਚਾਰਣ ਕੀਤੀਆਂ ਗਈਆਂ ਚਾਰ ਲਾਵਾਂ ਦਾ ਪਾਠ ਵਿਆਂਦੜ ਜੋੜੀ ਦੀਆਂ ਲਾਵਾਂ ਮੌਕੇ ਵਿਸ਼ੇਸ਼ ਤੌਰ 'ਤੇ ਕੀਤੇ ਜਾਣ ਦੀ ਮਰਿਆਦਾ ਹੈ। ਜਿਸ ਨੂੰ ਕੀਰਤਨ ਅਤੇ ਪਾਠ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਹੀ ਵਿਆਹ ਅਨੰਦ ਸੰਸਕਾਰ ਦੀ ਰਸਮ ਨੂੰ ਸੰਪੂਰਣ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਰਾਗ ਸੂਹੀ ਦੇ ਅਧੀਨ ਦਰਜ ਹੈ। ਰਾਗ ਸੂਹੀ ਦੇ ਅੰਤਰਗਤ ਇਸ ਰਾਗ ਦੀਆਂ ਦੋ ਕਿਸਮਾਂ 'ਸੂਹੀ ਕਾਫੀ' ਅਤੇ 'ਸੂਹੀ ਲਲਿਤ' ਵੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਸੂਹੀ ਦਾ ਭਾਰਤੀ ਸੰਗੀਤ ਵਿਚ ਜ਼ਿਕਰ ਘੱਟ ਹੀ ਮਿਲਦਾ ਹੈ ਅਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 222 'ਤੇ ਲਿਖਦੇ ਹਨ ਕਿ 'ਇਹ ਇਕ ਰਾਗਣੀ ਹੈ, ਜਿਸ ਨੂੰ 'ਸੂਹਾ' ਵੀ ਆਖਦੇ ਹਨ। ਇਹ ਕਾਫੀ ਥਾਟ ਦੀ ਸ਼ਾੜਵ ਰਾਗਣੀ ਹੈ, ਜਿਸ ਵਿਚ ਧੈਵਤ ਵਰਜਿਤ ਹੈ। ਸੂਹੀ 'ਚ ਗਾਂਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ। ਵਾਦੀ ਮੱਧਮ ਅਤੇ ਸੜਜ਼ ਸੰਵਾਦੀ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਦਾ ਹੈ।' •

98150-24920

ਗੌਸ ਅਤੇ ਗੌਸ-ਏ-ਆਜ਼ਮ

ਸੂਫ਼ੀ ਦਰਵੇਸ਼ਾਂ ਨੂੰ ਉਨ੍ਹਾਂ ਦੀ ਰੂਹਾਨੀ ਰਸਾਈ ਅਤੇ ਅਧਿਆਤਮਿਕ ਪਹੁੰਚ ਮੁਤਾਬਿਕ ਅੱਲਾਹ ਤਾਅਲਾ ਵੱਲੋਂ ਦਰਜੇ, ਮਰਤਬੇ, ਪਦਵੀਆਂ, ਲਕਬ ਅਤੇ ਖ਼ਿਤਾਬ ਅਤਾ ਕੀਤੇ ਜਾਂਦੇ ਹਨ। ਇਨ੍ਹਾਂ ਦਰਜਿਆਂ, ਮਰਤਬਿਆਂ ਅਤੇ ਖ਼ਿਤਾਬਾਂ ਵਿੱਚੋਂ ਇਕ ਖ਼ਿਤਾਬ ਜਾਂ ਲਕਬ ਗੌਸ ਦਾ ਹੈ, ਜੋ ਵੱਡੇ ਮਰਤਬਿਆਂ ਵਿੱਚੋਂ ਇਕ ਹੈ। ਗੌਸ ਅਤੇ ਕੁਤਬ ਦੇ ਲਕਬ ਲਗਪਗ ਸਮਾਨਤਾ ਵਾਲੇ ਹਨ। ਬਾਕੀ ਲਕਬ ਅਬਦਾਲ, ਕੁਤਬ ਔਲੀਆ, ਕੁਤਬ ਅਕਤਾਬ ਅਤੇ ਵਲੀ ਵਗੈਰਾ ਗੌਸ ਲਕਬ ਤੋਂ ਹੇਠਾਂ ਹਨ।

ਗੌਸ-ਏ-ਆਜ਼ਮ ਸੂਫ਼ੀ ਸਰਵੇਸ਼ਾਂ ਦਾ ਸਭ ਤੋਂ ਵੱਡਾ ਲਕਬ ਹੈ ਜੋ ਪੀਰਾਨੇ-ਪੀਰ ਹਜ਼ਰਤ ਸ਼ੇਖ਼ ਅਬਦੁਲ ਕਾਦਿਲ ਜੀਲਾਨੀ ਦਾ ਹੈ। ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਲਕਬ ਗੌਸ-ਏ-ਆਜ਼ਮ ਦਾ ਹੈ ਅਤੇ ਆਪ ਨੂੰ ਸਭ ਸੂਫ਼ੀ ਸਿਲਸਿਲਿਆਂ ਵਿਚ ਮਾਣ-ਸਤਿਕਾਰ ਹਾਸਲ ਹੈ। ਸਭ ਸੂਫ਼ੀ ਸਿਲਸਿਲਿਆਂ ਦੇ ਬਜ਼ੁਰਗ ਆਪ ਨੂੰ ਵੱਡੇ ਪੱਰੀ ਦਸਤਗੀਰ ਦੇ ਨਾਂ ਨਾਲ ਜਾਣਦੇ ਹਨ ਅਤੇ ਇਹਤਰਾਮ ਦਿੰਦੇ ਹਨ। ਆਪ ਨੂੰ ਸੂਫ਼ੀ ਸਿਲਸਿਲਾ ਕਾਦਰੀਆਂ ਦਾ ਬਾਨੀ ਮੰਨਿਆ ਜਾਂਦਾ ਹੈ। ਗੌਸ-ਏ-ਆਜ਼ਮ ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਜੀਵਨ ਕਾਲ 1077 ਤੋਂ 1166 ਈਸਵੀ ਤਕ ਮੰਨਿਆ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

94634-63193

ਮਨ ਜੀਤੈ ਜਗੁ ਜੀਤੁ

ਸੁਖਪਾਲ ਸਿੰਘ ਗਿੱਲ

ਮਨ ਸ਼ੈਤਾਨ ਹੈ, ਸ਼ੁਰੂ ਤੋਂ ਹੀ ਮਨ-ਮਰਜ਼ੀ ਕਰ ਕੇ ਮਨੁੱਖ ਨੂੰ ਚਲਾਉਂਦਾ ਹੈ। ਤਨ ਅਤੇ ਮਨ ਦਾ ਸੁਮੇਲ ਧੰਨ ਪ੍ਰਾਪਤੀ ਦੀ ਦੌੜ ਲਗਾਉਂਦਾ ਹੈ। ਜਿਸ ਨਾਲ ਕਈ ਬੁਰਾਈਆਂ ਜਨਮ ਲੈਂਦੀਆਂ ਹਨ। ਭੁੱਲਿਆ, ਭਟਕਿਆ ਅਤੇ ਤਰੰਗਾਂ ਭਰਿਆ ਮਨ ਬੰਦੇ ਨੂੰ ਟਿਕਣ ਨਹੀਂ ਦਿੰਦਾ। ਇਕ ਕਹਾਵਤ ਹੈ ਕਿ 'ਖਾਈਏ ਮਨ ਭਾਉਂਦਾ', ਇਸ ਕਹਾਵਤ ਨੇ ਰੁਖ਼ ਮੋੜ ਲਿਆ ਹੈ ਕਿ ਜੋ ਮਨ ਨੂੰ ਭਾਉਂਦਾ ਹੈ, ਉਸ ਨੂੰ ਖਾਣ ਲਈ ਸਿਹਤ ਆਗਿਆ ਨਹੀਂ ਦਿੰਦੀ।

ਖੋਟਾ ਅਤੇ ਮੈਲਾ ਮਨ ਸੁੱਧ-ਬੁੱਧ ਗੁਆ ਦਿੰਦਾ ਹੈ। ਮਨ ਦੇ ਆਖੇ ਲੱਗ ਕੇ ਖਾਧਾ, ਪੀਤਾ, ਪਹਿਨਿਆ ਅਤੇ ਸੁਣਿਆ ਹੋਇਆ ਝੰਜਟ ਪੈਦਾ ਕਰਦਾ ਹੈ। ਮਨ ਅਜਿਹੀ ਸ਼ੈਅ ਹੈ, ਜੋ ਜਾਣਦੀ ਹੋਈ ਵੀ ਅਣਜਾਣਤਾ ਵਾਲੀ ਸਥਿਤੀ ਪੈਦਾ ਕਰਦੀ ਹੈ। ਇਸੇ ਲਈ ਸ਼ੈਤਾਨ ਮਨ ਦੀ ਖੋਜ ਉਪਜੀ ਹੈ। ਜਦੋਂ ਮਨ ਨੂੰ ਕਾਬੂ ਵਿਚ ਰੱਖ ਕੇ ਕੁਝ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ 'ਮਨ ਮਾਰ ਕੇ ਹੀ ਕੰਮ ਕੀਤਾ ਜਾਂਦਾ ਹੈ।'। ਇਸ ਸਾਰੇ ਘਟਨਾਕ੍ਰਮ ਵਿਚ ਮਨ ਕਮਜ਼ੋਰ ਹੋ ਕੇ ਰੋਗੀ ਬਣ ਜਾਂਦਾ ਹੈ। ਇਸ ਨਾਲ ਮਨੁੱਖੀ ਵਿਕਾਸ ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹੈ। ਰੋਗੀ ਤੇ ਸੋਗੀ ਮਨ ਕੰਧਾਂ 'ਚ ਟੱਕਰਾਂ ਮਾਰਨ ਵਾਂਗ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਉਚਾਰ ਕੇ ਬਹੁਤ ਪਹਿਲਾ ਹੀ ਮਨ ਨੂੰ ਜਿੱਤਣ ਦਾ ਸੰਦੇਸ਼ ਦੇ ਦਿੱਤਾ ਸੀ। ਇਹ ਸੰਦੇਸ਼ ਮਨੁੱਖਤਾ ਦੀ ਭਲਾਈ ਤੇ ਵਿਕਾਸ ਲਈ ਜ਼ਰੂਰੀ ਹੈ। ਗੁਰੂ ਸਾਹਿਬ ਦੇ ਫੁਰਮਾਨਾਂ ਨੂੰ ਜੀਵਨ 'ਚ ਢਾਲ ਕੇ ਹੀ ਮਨੁੱਖ ਦੇ ਲੋਕ-ਪਰਲੋਕ ਸ਼ਾਂਤਮਈ ਹੋ ਸਕਣਗੇ ਤੇ ਦੁਨਿਆਵੀ ਸਲੀਕਾ ਵੀ ਕਾਇਮ ਰਹਿ ਸਕੇਗਾ। ਸਾਰੀ ਦੁਨੀਆ ਵੀ ਜੇ ਮਨੁੱਖ ਜਿੱਤ ਲਵੇ ਪਰ ਆਪਣਾ ਮਨ ਨਾ ਜਿੱਤ ਸਕੇ ਤਾਂ ਇਹ ਪ੍ਰਾਪਤੀ ਨਿਰਾਰਥਕ ਹੈ। ਧੰਨ ਗੁਰੂ ਨਾਨਕ ਧੰਨ ਹੇ ਉਨ੍ਹਾਂ ਦਾ ਸੰਦੇਸ਼-'ਮਨ ਜੀਤੈ ਜਗ ਜੀਤੁ।' •

98781-11445

ਯਹੀਆ ਖ਼ਾਨ ਤੇ ਲਖਪਤ ਰਾਏ ਨੇ ਭਾਰੀ ਲਸ਼ਕਰ ਤੇ ਗੋਲੇ-ਬਾਰੂਦ ਨਾਲ ਕਾਹਨੂੰਵਾਨ ਛੰਭ 'ਚ ਲੁਕੇ ਸਿੰਘਾਂ ਉੱਪਰ ਹਮਲਾ ਬੋਲ ਦਿੱਤਾ ਪਰ ਸਿੰਘਾਂ ਨੇ ਇਹ ਲੜਾਈ ਪੂਰੀ ਸਿਦਕਦਿਲੀ ਨਾਲ ਲੜੀ...

ਧਰਮਿੰਦਰ ਸਿੰਘ ਚੱਬਾ

ਸਿੱਖ ਇਤਿਹਾਸ ਵਿਚ ਛੋਟਾ ਘੱਲੂਘਾਰਾ ਨਾਂ ਦਾ ਦੁਖਾਂਤ 17 ਮਈ 1746 ਈਸਵੀ ਨੂੰ ਵਾਪਰਿਆ।। ਇਤਿਹਾਸ ਦੇ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ 1726 ਈਸਵੀ ਨੂੰ ਅਬਦੁਸ-ਸੱਮਦ ਖ਼ਾਂ ਦੀ ਥਾਂ ਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਸੀ, ਜੋ ਆਪਣੇ ਬਾਪ ਜ਼ਕਰੀਆ ਖ਼ਾਨ ਵਾਂਗ ਹੀ ਜ਼ਾਲਮ ਤੇ ਨਿਰਦਈ ਸੀ।

ਯਹੀਆ ਖ਼ਾਨ ਨੇ ਲਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਏਮਨਾਬਾਦ ਦਾ ਫ਼ੌਜਦਾਰ ਨਿਯੁਕਤ ਕੀਤਾ ਸੀ। ਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੱਤੇ ਹੋਏ ਸਨ। 1746 ਵਿਚ ਜਸਪਤ ਰਾਏ ਨੇ ਆਮ ਜਨਤਾ 'ਤੇ ਹੱਦੋਂ ਵੱਧ ਸਖ਼ਤੀ ਕਰ ਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਸਾਰੇ ਲੋਕ ਤੰਗ ਆ ਕੇ ਖ਼ਾਲਸਾ ਫ਼ੌਜ ਵਿਚ ਸ਼ਾਮਲ ਹੋ ਗਏ। ਸਿੰਘਾਂ ਦਾ ਇਹ ਜਥਾ ਘੁੰਮਦਾ ਘੁੰਮਾਉਂਦਾ ਏਮਨਾਬਾਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਰੋੜੀ ਸਾਹਬ ਪਹੁੰਚ ਗਿਆ। ਫ਼ੌਜਦਾਰ ਜਸਪਤ ਰਾਏ ਨੂੰ ਜਦ ਇਹ ਇਤਲਾਹ ਮਿਲੀ ਕਿ ਸਿੰਘਾਂ ਦਾ ਇਕ ਜਥਾ ਗੁਰਦੁਆਰਾ ਰੋੜੀ ਸਾਹਬ ਵਿਖੇ ਆ ਕੇ ਠਹਿਰਿਆ ਹੋਇਆ ਹੈ। ਤਾਂ ਜਸਪਤ ਰਾਏ ਫ਼ੌਜ ਲੈ ਕੇ ਉੱਥੇ ਪਹੁੰਚ ਗਿਆ ਤੇ ਸਿੰਘਾਂ ਨੂੰ ਕਹਿਣ ਲੱਗਾ ਕਿ 'ਤੁਸੀਂ ਇੱਥੋਂ ਚਲੇ ਜਾਉ।'

ਸਿੰਘਾਂ ਨੇ ਕਿਹਾ ਕਿ 'ਸਾਡੇ ਪਾਸ ਰਸਦ-ਪਾਣੀ ਖ਼ਤਮ ਹੋ ਚੁੱਕਾ ਹੈ। ਅਸੀਂ ਇਕ ਰਾਤ ਇਥੇ ਠਹਿਰ ਕੇ ਰਸਦ-ਪਾਣੀ ਇਕੱਠਾ ਕਰ ਕੇ ਸਵੇਰ ਹੁੰਦਿਆਂ ਹੀ ਇਥੋਂ ਚਲੇ ਜਾਵਾਂਗੇ।' ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿਚ ਸੀ। ਉਸ ਨੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ। ਸਿੰਘਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ। ਦੋਵਾਂ ਪਾਸਿਓਂ ਗਹਿਗੱਚ ਲੜਾਈ ਹੋਈ। ਇਸੇ ਲੜਾਈ ਦੌਰਾਨ ਨਿਰਭੈ ਸਿੰਘ ਨਾਂ ਦਾ ਇਕ ਸਿੰਘ ਬਿਜਲੀ ਦੀ ਤਰ੍ਹਾਂ ਫੁਰਤੀ ਵਿਖਾਉਂਦਿਆਂ ਫ਼ੌਜਦਾਰ ਜਸਪਤ ਰਾਏ ਦੇ ਹਾਥੀ ਦੀ ਪੂਛ ਫੜ ਕੇ ਹਾਥੀ ਉੱਪਰ ਚੜ੍ਹ ਗਿਆ ਤੇ ਹਾਥੀ 'ਤੇ ਸਵਾਰ ਜਸਪਤ ਰਾਏ ਦੀ ਗਰਦਨ ਉਡਾ ਦਿੱਤੀ।

ਜਸਪਤ ਰਾਏ ਦੀ ਮੌਤ ਨਾਲ ਮੁਗ਼ਲ ਫ਼ੌਜ ਵਿਚ ਭਗਦੜ ਮਚ ਗਈ ਤੇ ਫ਼ੌਜ ਮੈਦਾਨ ਛੱਡ ਕੇ ਭੱਜ ਗਈ। ਸਿੰਘਾਂ ਨੇ ਮੌਕਾ ਸੰਭਾਲਦਿਆਂ ਜਿੰਨਾ ਹੋ ਸਕਦਾ ਸੀ ਏਮਨਾਬਾਦ ਸ਼ਹਿਰ ਵਿੱਚੋਂ ਰਸਦ-ਪਾਣੀ ਇਕੱਠਾ ਕਰ ਲਿਆ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਦੇ ਮਿਨਤਾਂ-ਤਰਲੇ ਕਰਨ ਲੱਗਾ। ਉਸ ਨੇ ਆਪਣੇ ਸਿਰ ਤੋਂ ਪਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਉਹ ਸਿੰਘਾਂ ਦਾ ਖੁਰਾ-ਖੋਜ ਨਹੀਂ ਮਿਟਾ ਲੈਂਦਾ, ਉਹ ਆਪਣੇ ਸਿਰ 'ਤੇ ਪੱਗ ਨਹੀਂ ਬੰਨ੍ਹੇਗਾ।

ਸਿੰਘ ਕਤਲੇਆਮ ਦੀ ਇਹ ਜ਼ਾਲਮਾਨਾ ਕਾਰਵਾਈ ਦੀ ਸ਼ੁਰੂਆਤ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਜਿੱਥੇ ਵੀ ਸਿੰਘ ਦਿਖਾਈ ਦਿੰਦਾ ਸੀ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੰਘਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਨ੍ਹਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਦਿੱਤੀ ਕਿਉਂਕਿ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰ' ਜਾਂ 'ਗੁਰੂ' ਸ਼ਬਦ ਦਾ ਭੁਲੇਖਾ ਲੱਗਦਾ ਸੀ। ਉਸਨੇ 'ਗੁੜ' ਸ਼ਬਦ ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਸ੍ਰੀ ਗੁਰੂ ਗ੍ਰੰਥ ਸ਼ਬਦ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ।

ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ।

ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਨ੍ਹਾਂ ਨੇ ਸਿਰਕੱਢ ਸਿੰਘ ਆਗੂਆਂ ਤੇ ਵੱਖ-ਵੱਖ ਸਿੰਘ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ, ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫ਼ੌਜੀ ਛਾਉਣੀ ਤਿੱਬੜ ਤੋਂ ਸੱਜੇ ਪਾਸੇ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਸ ਲੜਾਈ ਵਿਚ ਅੱਗੇ ਹੋ ਕੇ ਲੜੇ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ ਗ੍ਰੰਥ 'ਪੰਥ ਪ੍ਰਕਾਸ਼' ਵਿਚ ਮਿਲਦੇ ਹਨ।

ਇਸ ਛੰਭ ਵਿਚ ਕਰੀਬ 15,000 ਸਿੰਘ ਇਕੱਠੇ ਹੋ ਗਏ। ਕਈ ਇਤਹਾਸਕਾਰਾਂ ਨੇ ਇਹ ਗਿਣਤੀ 25,000 ਲਿਖੀ ਹੈ। ਸੂਹ ਮਿਲਣ 'ਤੇ ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਤੇ ਲਖਪਤ ਰਾਏ ਭਾਰੀ ਭਰਕਮ ਲਸ਼ਕਰ ਤੇ ਗੋਲੇ-ਬਾਰੂਦ ਨਾਲ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਸਿੰਘਾਂ ਉੱਪਰ ਅੱਗ ਦੇ ਗੋਲੇ ਵਰ੍ਹਾਏ ਗਏ। ਸਿੰਘ ਰਾਤ ਸਮੇਂ ਹਨੇਰੇ ਦਾ ਫ਼ਾਇਦਾ ਲੈ ਕੇ ਲਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ-ਪਾਣੀ ਲੁੱਟ ਕੇ ਫਿਰ ਛੰਭ 'ਚ ਜਾ ਵੜਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ-ਭਾਣੇ ਰਹਿ ਕੇ ਸਿੰਘ ਕਈ ਮਹੀਨਿਆਂ ਤਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਾ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ-ਕਸ਼ਮੀਰ ਭੇਜਣ ਦੇ ਬਹਾਨੇ ਉਸ ਰਸਤੇ ਭੇਜ ਦਿੱਤਾ ਅਤੇ ਨਾਲ ਹੀ ਆਪਣੇ ਗੁਪਤਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਣ ਇਸ ਰਸਤਿਉਂ ਲੰਘੇ ਤਾਂ ਇਸ ਨੂੰ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਾਰਨ ਇਤਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਵੀ ਯਾਦ ਕਰਦੇ ਹਨ। ਇਹ ਲੜਾਈ ਤਿੰਨ ਮਹੀਨੇ ਤੋਂ ਜ਼ਿਆਦਾ ਚੱਲੀ। ਜਿਸ ਕਾਰਨ ਕੌੜਾ ਮੱਲ ਵੱਲੋਂ ਭੇਜਿਆ ਰਾਸ਼ਨ ਵੀ ਖ਼ਤਮ ਹੋ ਗਿ

ਰਾਹੁਲ 40 ਤੋਂ ਹੇਠਾਂ ਸਿਮਟ ਗਏ : ਅਮਿਤ ਸ਼ਾਹ

ਊਨਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਯਾਨੀ ਕਿ ਸ਼ਨੀਵਾਰ ਨੂੰ ਹਿਮਾਚਲ ਪ੍ਰਦੇਸ਼ ਦੌਰੇ 'ਤੇ ਹਨ। ਹਿਮਾਚਲ ਪ੍ਰਦੇਸ਼ ਦੇ ਊਨਾ ਵਿਚ ਚੋਣਾਵੀ ਜਨਸਭਾ ਨੂੰ ਸੰਬੋਧਿਤ ਕਰਦਿਆਂ ਸ਼ਾਹ ਨੇ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਦੇ 5 ਪੜਾਵਾਂ 'ਚ ਮੋਦੀ ਜੀ 310 ਪਾਰ ਗਏ ਹਨ ਪਰ ਰਾਹੁਲ ਗਾਂਧੀ 40 ਤੱਕ ਸਿਮਟ ਗਏ ਹਨ। ਹੁਣ 6ਵੇਂ ਅਤੇ 7ਵੇਂ ਪੜਾਅ ਵਿਚ 400 ਪਾਰ ਕਰਵਾ ਕੇ ਮੋਦੀ ਜੀ ਨੂੰ ਫਿਰ ਤੋਂ ਪ੍ਰਧਾਨ ਮੰਤਰੀ ਬਣਾਉਣਾ ਹੈ। 400 ਪਾਰ ਦੀ ਜ਼ਿੰਮੇਵਾਰੀ 7 ਪੜਾਅ ਵਾਲਿਆਂ 'ਤੇ ਹੈ। ਜਨਸਭਾ ਨੂੰ ਸੰਬੋਧਿਤ ਕਰਦਿਆਂ ਸ਼ਾਹ ਨੇ ਅਨੁਰਾਗ ਠਾਕੁਰ ਦੀ ਜੰਮ ਕੇ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਅਨੁਰਾਗ ਠਾਕੁਰ ਨੇ ਦੇਸ਼ ਭਰ ਦੇ ਨੌਜਵਾਨਾਂ ਨੂੰ ਲਾਮਬੰਦ ਕਰਨ ਦਾ ਕੰਮ ਕੀਤਾ ਹੈ। ਉਨ੍ਹਾਂ ਦਾ ਖੇਡ ਦੇ ਖੇਤਰ ਵਿਚ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ। ਅਨੁਰਾਗ ਨੇ ਪੂਰੇ ਹਿਮਾਚਲ ਦੇ ਵਿਕਾਸ ਦਾ ਕੰਮ ਕਰਵਾਇਆ। ਜੇਕਰ ਤੁਸੀਂ ਦੀਵਾ ਲੈ ਕੇ ਵੀ ਲੱਭੋਗੇ ਤਾਂ ਵੀ ਅਨੁਰਾਗ ਵਰਗਾ ਸੰਸਦ ਮੈਂਬਰ ਨਹੀਂ ਮਿਲੇਗਾ।

ਕਾਂਗਰਸ 'ਤੇ ਤੰਜ ਕੱਸਦਿਆਂ ਸ਼ਾਹ ਨੇ ਕਿਹਾ ਕਿ ਕਿ ਰਾਹੁਲ ਬਾਬਾ ਅਤੇ ਉਨ੍ਹਾਂ ਦੀ ਭੈਣ ਸ਼ਿਮਲਾ ਵਿਚ ਛੁੱਟੀਆਂ ਮਨਾਉਣ ਤਾਂ ਆਉਂਦੇ ਹਨ ਪਰ ਇਹ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਵਿਚ ਨਹੀਂ ਗਏ। ਇਹ ਇਸ ਲਈ ਨਹੀਂ ਗਏ, ਕਿਉਂਕਿ ਉਹ ਆਪਣੇ ਵੋਟ ਬੈਂਕ ਤੋਂ ਡਰਦੇ ਹਨ। 'ਇੰਡੀਆ' ਗਠਜੋੜ ਵਾਲਿਆਂ ਕੋਲ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਨਹੀਂ ਹੈ। ਇਕ ਪੱਤਰਕਾਰ ਨੇ ਰਾਹੁਲ ਨੂੰ ਪੁੱਛਿਆ ਕਿ ਤੁਹਾਡਾ ਪ੍ਰਧਾਨ ਮੰਤਰੀ ਕੌਣ ਬਣੇਗਾ? ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਵਾਰੀ-ਵਾਰੀ ਨਾਲ 1-1 ਵਿਅਕਤੀ ਬਣੇਗਾ। ਸ਼ਾਹ ਨੇ ਕਿਹਾ ਕਿ ਰਾਹੁਲ ਬਾਬਾ ਇਹ ਪ੍ਰਚੂਨ ਦੀ ਦੁਕਾਨ ਨਹੀਂ ਹੈ, ਇਹ 140 ਕਰੋੜ ਲੋਕਾਂ ਦਾ ਦੇਸ਼ ਹੈ। ਇਸ ਚੋਣਾਂ ਵਿਚ ਇਕ ਪਾਸੇ ਹਰ 6 ਮਹੀਨੇ ਵਿਚ ਛੁੱਟੀਆਂ ਮਨਾਉਣ ਵਾਲੇ ਰਾਹੁਲ ਬਾਬਾ ਹਨ ਅਤੇ ਦੂਜੇ ਪਾਸੇ 23 ਸਾਲ ਤੋਂ ਦੀਵਾਲੀ ਦੀ ਵੀ ਛੁੱਟੀ ਲਏ ਬਿਨਾਂ ਫ਼ੌਜ ਦੇ ਜਵਾਨਾਂ ਨਾਲ ਸਰਹੱਦ 'ਤੇ ਮਠਿਆਈ ਖਾਣ ਵਾਲੇ ਨਰਿੰਦਰ ਮੋਦੀ ਜੀ ਹਨ।

'ਇੰਡੀਆ' ਗਠਜੋੜ ਆਪਣੇ ਵੋਟ ਬੈਂਕ ਲਈ ਕਰ ਰਿਹਾ ਹੈ 'ਗੁਲਾਮੀ' ਅਤੇ 'ਮੁਜਰਾ' : ਮੋਦੀ

ਪਟਨਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਗਠਜੋੜ 'ਇੰਡੀਆ' 'ਤੇ ਸ਼ਨੀਵਾਰ ਨੂੰ ਤਿੱਖਾ ਹਮਲਾ ਕੀਤਾ ਅਤੇ ਉਸ 'ਤੇ ਮੁਸਲਿਮ ਵੋਟ ਬੈਂਕ ਲਈ 'ਗੁਲਾਮੀ' ਅਤੇ 'ਮੁਜਰਾ' ਕਰਨ ਦਾ ਦੋਸ਼ ਲਗਾਇਆ। ਪ੍ਰਧਾਨ ਮੰਤਰੀ ਨੇ ਇਥੋਂ ਲਗਭਗ 40 ਕਿਲੋਮੀਟਰ ਦੂਰ ਪਾਟਲੀਪੁੱਤਰ ਲੋਕ ਸਭਾ ਖੇਤਰ 'ਚ ਇਕ ਰੈਲੀ 'ਚ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕੀਤਾ ਅਤੇ ਘੱਟ ਗਿਣਤੀ ਸੰਸਥਾਵਾਂ 'ਚ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਹੋਰ ਪਿਛੜਾ ਵਰਗ ਨੂੰ 'ਰਾਖਵਾਂਕਰਨ ਤੋਂ ਵਾਂਝੇ' ਕਰਨ ਲਈ ਰਾਜਦ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ,"ਬਿਹਾਰ ਉਹ ਜ਼ਮੀਨ ਹੈ, ਜਿਸ ਨੇ ਸਮਾਜਿਕ ਨਿਆਂ ਦੀ ਲੜਾਈ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਮੈਂ ਇਸ ਦੀ ਧਰਤੀ 'ਤੇ ਇਹ ਐਲਾਨ ਕਰਨਾ ਚਾਹੁੰਦਾ ਹਾਂ ਕਿ ਮੈਂ ਐੱਸ.ਸੀ., ਐੱਸ.ਟੀ. ਅਤੇ ਓਬੀਸੀ ਦੇ ਅਧਿਕਾਰਾਂ ਨੂੰ ਲੁੱਟਣ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਨੂੰ ਦੇਣ ਨੂੰ 'ਇੰਡੀਆ' ਗਠਜੋੜ ਦੀਆਂ ਯੋਜਨਾਵਾਂ ਨੂੰ ਅਸਫ਼ਲ ਕਰ ਦੇਵਾਂਗਾ। ਉਹ ਗੁਲਾਮ ਬਣੇ ਰਹਿ ਸਕਦੇ ਹਨ ਅਤੇ

ਆਪਣੇ ਵੋਟ ਬੈਂਕ ਨੂੰ ਖੁਸ਼ ਕਰਨ ਲਈ 'ਮੁਜਰਾ' ਕਰ ਸਕਦੇ ਹਨ।"

ਉਨ੍ਹਾਂ ਨੇ ਇਹ ਵੀ ਦੋਸ਼ ਲਗਾਇਆ ਕਿ ਵਿਰੋਧੀ ਧਿਰ ਗਠਜੋੜ ਉਨ੍ਹਾਂ ਲੋਕਾਂ ਦੇ ਸਮਰਥਨ 'ਤੇ ਭਰੋਸਾ ਕਰ ਰਿਹਾ ਹੈ, ਜੋ 'ਵੋਟ ਜਿਹਾਦ' 'ਚ ਸ਼ਾਮਲ ਹਨ, ਨਾਲ ਹੀ ਉਨ੍ਹਾਂ ਨੇ ਕਲਕੱਤਾ ਹਾਈ ਕੋਰਟ ਦੇ ਆਦੇਸ਼ ਦਾ ਹਵਾਲਾ ਦਿੱਤਾ, ਜਿਸ 'ਚ ਕਈ ਮੁਸਲਿਮ ਸਮੂਹਾਂ ਨੂੰ ਓਬੀਸੀ ਦੀ ਸੂਚੀ 'ਚ ਸ਼ਾਮਲ ਕਰਨ ਦੇ ਪੱਛਮੀ ਬੰਗਾਲ ਸਰਕਾਰ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਮੋਦੀ ਭਾਜਪਾ ਸੰਸਦ ਮੈਂਬਰ ਰਾਮ ਕ੍ਰਿਪਾਲ ਯਾਦਵ ਦੇ ਪੱਖ 'ਚ ਪ੍ਰਚਾਰ ਕਰ ਰਹੇ ਸਨ ਅਤੇ ਉਨ੍ਹਾਂ ਨੇ ਵਿਅੰਗਮਈ ਟਿੱਪਣੀ ਕੀਤੀ,''ਕਈ ਲੋਕਾਂ ਦਾ ਭਗਵਾਨ ਰਾਮ ਨਾਲ ਇੰਨਾ ਝਗੜਾ ਹੈ ਕਿ ਉਹ ਰਾਮਕ੍ਰਿਪਾਲ ਦੇ ਨਾਂ 'ਤੇ ਵੀ ਭੜਕ ਰਹੇ ਹਨ।" ਮੋਦੀ ਨੇ ਰਾਜਦ ਮੁਖੀ ਲਾਲੂ ਪ੍ਰਸਾਦ ਯਾਦਵ ਦਾ ਨਾਂ ਲਏ ਬਿਨਾਂ ਅਸਿੱਧੇ ਤੌਰ 'ਤੇ ਮਜ਼ਾਕ ਉਡਾਇਆ ਅਤੇ ਕਿਹਾ,"ਐੱਲ.ਈ.ਡੀ. ਬਲਬ ਦੇ ਦੌਰ 'ਚ ਉਹ ਲਾਲਟੈਨ ਲੈ ਕੇ ਘੁੰਮ ਰਹੇ ਹਨ, ਜਿਸ ਨਾਲ ਸਿਰਫ਼ ਉਨ੍ਹਾਂ ਦਾ ਘਰ ਰੌਸ਼ਨ ਹੁੰਦਾ ਹੈ ਅਤੇ ਪੂਰੇ ਬਿਹਾਰ ਨੂੰ ਹਨ੍ਹੇਰੇ 'ਚ ਰੱਖਿਆ ਜਾਂਦਾ ਹੈ।" ਦੱਸਣਯੋਗ ਹੈ ਕਿ ਪ੍ਰਸਾਦ ਦੀ ਧੀ ਮੀਸਾ ਭਾਰਤੀ ਲਗਾਤਾਰ ਤੀਜੀ ਵਾਰ ਪਾਟਲੀਪੁੱਤਰ ਤੋਂ ਆਪਣੀ ਕਿਸਮਤ ਅਜਮਾ ਰਹੀ ਹੈ।

50,000 ਰੁਪਏ ਦੀ ਰਿਸ਼ਵਤ ਮੰਗਣ ਵਾਲੇ ਨਾਇਬ ਤਹਿਸੀਲਦਾਰ ਦੇ ਰੀਡਰ ਖਿਲਾਫ ਵਿਜੀਲੈਂਸ ਬਿਊਰੋ ਵੱਲੋਂ ਕੇਸ ਦਰਜ

ਚੰਡੀਗੜ੍ਹ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਜ਼ਿਲ੍ਹਾ ਫਰੀਦਕੋਟ ਦੀ ਤਹਿਸੀਲ ਜੈਤੋ ਦੇ ਨਾਇਬ ਤਹਿਸੀਲਦਾਰ ਦੇ ਰੀਡਰ ਰਾਕੇਸ਼ ਕੁਮਾਰ ਵਿਰੁੱਧ 50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਵਿਜੀਲੈਂਸ ਬਿਓਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਕਰਮਚਾਰੀ ਖਿਲਾਫ ਇਹ ਮੁਕੱਦਮਾ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਪੋਰਟਲ 'ਤੇ ਪਿੰਡ ਮੱਤਾ, ਤਹਿਸੀਲ ਜੈਤੋ ਦੇ ਵਸਨੀਕ ਸੁਖਦੇਵ ਸਿੰਘ ਵੱਲੋਂ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਆਪਣੀ ਜ਼ਮੀਨ ਦੇ ਇੰਤਕਾਲ ਲਈ ਜੈਤੋ ਦੇ ਨਾਇਬ ਤਹਿਸੀਲਦਾਰ ਨੂੰ ਇੱਕ ਸਾਲ ਪਹਿਲਾਂ ਦਰਖਾਸਤ ਦਿੱਤੀ ਸੀ, ਜੋ ਕਿ ਹਾਲੇ ਲਟਕ ਰਹੀ ਹੈ। ਇਸ ਬਾਰੇ ਜਦ ਉਹ ਉਕਤ ਮਾਲ ਅਧਿਕਾਰੀ ਨੂੰ ਮਿਲਿਆ ਤਾਂ ਉਸ ਨੇ ਸ਼ਿਕਾਇਤਕਰਤਾ ਦੀ ਜ਼ਮੀਨ ਦਾ ਮੌਕਾ ਦੇਖਣ ਖਾਤਰ ਤਰੀਕ ਲੈਣ ਲਈ ਆਪਣੇ ਰੀਡਰ ਨਾਲ ਸੰਪਰਕ ਕਰਨ ਲਈ ਕਿਹਾ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਜਦੋਂ ਉਸਨੇ ਰਾਕੇਸ਼ ਕੁਮਾਰ ਨਾਲ ਸੰਪਰਕ ਤਾਂ ਉਸ ਨੇ ਉਸ ਦੀ ਜ਼ਮੀਨ ਦਾ ਦੌਰਾ ਕਰਨ ਅਤੇ ਜ਼ਮੀਨ ਦਾ ਇੰਤਕਾਲ ਉਸ ਦੇ ਨਾਂ ਉੱਤੇ ਦਰਜ ਕਰਨ ਬਦਲੇ ਇਕ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਉਸਨੇ ਅੱਗੇ ਦੱਸਿਆ ਕਿ ਵਾਰ-ਵਾਰ ਬੇਨਤੀ ਕਰਨ 'ਤੇ ਸੌਦਾ 50,000 ਰੁਪਏ 'ਚ ਤੈਅ ਹੋਇਆ, ਜਿਸ 'ਚੋਂ ਰਾਕੇਸ਼ ਕੁਮਾਰ ਨੇ 30,000 ਰੁਪਏ ਤਹਿਸੀਲਦਾਰ ਲਈ ਅਤੇ 20,000 ਰੁਪਏ ਆਪਣੇ ਲਈ ਮੰਗੇ। ਸ਼ਿਕਾਇਤਕਰਤਾ ਨੇ ਉਕਤ ਰੀਡਰ ਨਾਲ ਰਿਸ਼ਵਤ ਦੇਣ ਬਾਰੇ ਹੋਈ ਗੱਲਬਾਤ ਰਿਕਾਰਡ ਕਰ ਲਈ ਜੋ ਉਸਨੇ ਸਬੂਤ ਵਜੋਂ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਇਹ ਸਿੱਧ ਹੋਇਆ ਕਿ ਮੁਲਜ਼ਮ ਰੀਡਰ ਨੇ ਉਪਰੋਕਤ ਮਕਸਦ ਲਈ ਸ਼ਿਕਾਇਤਕਰਤਾ ਤੋਂ ਤਹਿਸੀਲਦਾਰ ਲਈ 30,000 ਰੁਪਏ ਅਤੇ ਆਪਣੇ ਲਈ 20,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ। ਇਸ ਤੋਂ ਬਾਅਦ ਮੁਲਜ਼ਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਵਿਜੀਲੈਂਸ ਵੱਲੋਂ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਜਾਂਚ ਦੌਰਾਨ ਸਬੰਧਤ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

ਚੀਨ ਨੇ ਸਾਡੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਪਰ ਪ੍ਰਧਾਨ ਮੰਤਰੀ ਮੋਦੀ ਚੁੱਪ ਹਨ: ਖੜਗੇ

ਸ਼ਿਮਲਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਨੂੰ ਦੋਸ਼ ਲਗਾਇਆ ਕਿ ਚੀਨ ਨੇ ਭਾਰਤੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ ਅਤੇ ਘਰ ਅਤੇ ਸੜਕਾਂ ਬਣਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁੱਪ ਹਨ। ਹਿਮਾਚਲ ਪ੍ਰਦੇਸ਼ ਦੇ ਰੋਹੜੂ 'ਚ ਇਕ ਰੈਲੀ ਨੂੰ ਸੰਬੋਧਿਤ ਕਰਦਿਆਂ ਖੜਗੇ ਨੇ ਪ੍ਰਧਾਨ ਮੰਤਰੀ 'ਤੇ ਚੁਟਕੀ ਲੈਂਦੇ ਹੋਏ ਪੁੱਛਿਆ ਕਿ ਉਨ੍ਹਾਂ ਦੀ 56 ਇੰਚ ਦੀ ਛਾਤੀ ਕਿੱਥੇ ਹੈ? ਕਾਂਗਰਸ ਆਗੂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇਸ਼ ਦੇ ਲੋਕਾਂ ਅਤੇ ਸੰਵਿਧਾਨ ਨੂੰ ਬਚਾਉਣ ਲਈ ਲੜ ਰਹੀ

ਹੈ ਅਤੇ ਜੇਕਰ ਉਹ ਲੋਕ ਸਭਾ ਚੋਣਾਂ ਵਿਚ ਸੱਤਾ ਮਚ ਆਉਂਦੀ ਹੈ ਤਾਂ 30 ਲੱਖ ਸਰਕਾਰੀ ਅਸਾਮੀਆਂ ਨੂੰ ਭਰਿਆ ਜਾਵੇਗਾ।

ਖੜਗੇ ਨੇ ਕਿਹਾ, ''ਅਸੀਂ ਪਾਕਿਸਤਾਨ ਦੇ ਖਿਲਾਫ ਲੜਾਈ ਲੜੀ ਅਤੇ ਬੰਗਲਾਦੇਸ਼ ਨੂੰ ਆਜ਼ਾਦੀ ਦਿਵਾਈ। ਚੀਨ ਨੇ ਸਾਡੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ ਅਤੇ ਘਰ ਅਤੇ ਸੜਕਾਂ ਬਣਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਮੋਦੀ ਚੁੱਪ ਹਨ। 56 ਇੰਚ ਦੀ ਛਾਤੀ ਕਿੱਥੇ ਹੈ?" ਕਾਂਗਰਸ ਪ੍ਰਧਾਨ ਨੇ 2023 ਦੇ ਹੜ੍ਹਾਂ ਤੋਂ ਬਾਅਦ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਹਾਇਤਾ ਨਾ ਦੇਣ ਲਈ ਕੇਂਦਰ 'ਤੇ ਵੀ ਹਮਲਾ ਕੀਤਾ। ਖੜਗੇ ਨੇ ਦਾਅਵਾ ਕੀਤਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਹੜ੍ਹਾਂ ਤੋਂ ਬਾਅਦ ਕੇਂਦਰ ਤੋਂ 10,000 ਕਰੋੜ ਰੁਪਏ ਦੀ ਮਦਦ ਮੰਗੀ ਸੀ ਪਰ ਕੋਈ ਮਦਦ ਨਹੀਂ ਮਿਲੀ।

ਬਟਾਲਾ ਦੇ ਮੇਅਰ ਸੁੱਖ ਤੇਜਾ ਦੇ ਘਰ ਅਤੇ ਸੱਤ ਹੋਰ ਥਾਵਾਂ 'ਤੇ ਆਮਦਨ ਕਰ ਵਿਭਾਗ ਦਾ ਛਾਪਾ

ਬਟਾਲਾ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸੀਨੀਅਰ ਆਗੂ ਅਤੇ ਬਟਾਲਾ ਨਗਰ ਨਿਗਮ ਦੇ ਮੇਅਰ ਸੁੱਖ ਤੇਜਾ ਦੇ ਘਰ ਅੱਜ ਆਮਦਨ ਕਰ ਵਿਭਾਗ ਨੇ ਛਾਪਾ ਮਾਰਿਆ। ਇਸੇ ਤਰ੍ਹਾਂ ਸੱਤ ਹੋਰ ਥਾਵਾਂ ਉਤੇ ਵਿਭਾਗ ਵੱਲੋਂ ਕਾਰਵਾਈ ਕਰਨ ਦੀ ਸੂਚਨਾ ਹੈ। ਇਥੋਂ ਦੇ ਉਮਰਪੁਰਾ ਰੋਡ ਉਤੇ ਮੇਅਰ ਤੇਜਾ ਦੇ ਘਰ ਜਿਵੇਂ ਹੀ ਛਾਪਾ ਪਿਆ ਤਾਂ ਲੋਕ ਤੇ ਕਾਂਗਰਸ ਆਗੂ ਇਕੱਠੇ ਹੋਏ। ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਮੌਕੇ 'ਤੇ ਪਹੁੰਚੇ। ਇਨ੍ਹਾਂ ਨੇ ਭਾਜਪਾ ਅਤੇ ਆਪ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਦੋਵਾਂ ਨੇ ਆਖਿਆ ਕਿ ਚੋਣਾਂ ਦੌਰਾਨ ਛਾਪਾ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਹੌਸਲਾ ਪਸਤ ਨਹੀਂ ਕਰ ਸਕਦਾ। ਉਨ੍ਹਾਂ ਨੇ ਭਾਜਪਾ ਅਤੇ ਆਪ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਖ਼ਬਰ ਲਿਖੇ ਜਾਣ ਤੱਕ ਵਿਭਾਗ ਵੱਲੋਂ ਮੇਅਰ ਦੇ ਘਰ ਅੰਦਰ ਕਿਸੇ ਨੂੰ ਨਾ ਤਾਂ ਜਾਣ ਦਿੱਤਾ ਗਿਆ ਅਤੇ ਨਾ ਬਾਹਰ ਆਉਣ ਦਿੱਤਾ। ਵਿਭਾਗ ਨੇ ਬਟਾਲਾ ਦੇ ਕਾਂਗਰਸੀ ਆਗੂ ਤੇ ਸ਼ਰਾਬ ਠੇਕੇਦਾਰ ਪੱਪੂ ਜੈਂਤੀਪੁਰ, ਉਸ ਦੇ ਮੈਨੇਜਰ ਗੋਪੀ, ਚੰਦਾ ਖਾਨਾ ਖਜ਼ਾਨਾ, ਭੱਲਾ, ਹਲਕਾ ਸ੍ਰੀ ਹਰਗੋਬਿੰਦਪੁਰ ਦੇ ਪਿੰਡ ਸੁਕਾਲਾ ਦੇ ਕਾਰੋਬਾਰੀ, ਬਟਾਲਾ ਦੇ ਗੁਰੂ ਤੇਗ ਬਹਾਦਰ ਕਲੋਨੀ ਨੇੜੇ ਗਊਸ਼ਾਲਾ ਅਤੇ ਕਾਹਨੂੰਵਾਨ ਰੋਡ ਉਤੇ ਛਾਪਾ ਮਾਰਿਆ। ਮੇਅਰ ਨੂੰ ਛੱਡ ਬਾਕੀ ਸਾਰੇ ਪੱਪੂ ਜੈਂਤੀਪੁਰੀਆ ਦੇ ਸ਼ਰਾਬ ਕਾਰੋਬਾਰ ਵਿਚ ਕਥਿਤ ਤੌਰ 'ਤੇ ਸ਼ਾਮਲ ਹਨ।

ਲੋਕ ਆਮ ਆਦਮੀ ਪਾਰਟੀ ਦੇ ਚੰਗੇ ਕੰਮਾਂ ਨੂੰ ਵੋਟ ਦੇਣਗੇ : ਮਲਵਿੰਦਰ ਸਿੰਘ ਕੰਗ

ਪਿੰਡ ਜਲਾਲਪੁਰ ਵਿਖੇ ਨੁੱਕੜ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

ਨਵਾਂ ਸ਼ਹਿਰ, 26 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਦੀਆਂ ਆਮ ਆਦਮੀ ਪਾਰਟੀ ਦੇ ਜਿਲਾ ਪ੍ਰਧਾਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਪਿੰਡ ਜਲਾਲਪੁਰ ਵਿਖੇ ਸ਼੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਆਪਣੇ ਗ੍ਰਹਿ ਵਿਖੇ ਇੱਕ ਨੁੱਕੜ ਮੀਟਿੰਗ ਰੱਖੀ ਗਈ ਜਿਸ ਨੇ ਇੱਕ ਰੈਲੀ ਦਾ ਰੂਪ ਧਾਰਨ ਕੀਤਾ। ਇਸ ਮੌਕੇ ਤੇ ਵਰਕਰਾ ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਮ ? ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਵਧੀਆ ਪ੍ਰਦਰਸ਼ਨ ਕਰੇਗੀ ਅਤੇ ਪੰਜਾਬ ਦੇ ਲੋਕ ਭਗਵੰਤ ਮਾਨ ਦੀ ਅਗਵਾਈ ਵਿੱਚ 13-0 ਦੇ ਮਿਸ਼ਨ ਨੂੰ ਕਾਮਯਾਬ ਕਰਨਗੇ ਅਤੇ ਆਮ ਆਦਮੀ ਪਾਰਟੀ ਹੋਰ ਮਜਬੂਤ ਹੋਵੇਗੀ। ਸ.ਮਲਵਿੰਦਰ ਸਿੰਘ

ਐਨ ਸੀ ਸੀ ਕੈਡੇਟਾਂ ਵਲੋਂ ਵੋਟਰ ਜਾਗਰੂਕਤਾ ਮਾਰਚ

ਅੰਮ੍ਰਿਤਸਰ, 26 ਮਈ -ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਸ੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਦੇ ਦਿਸ਼ਾ ਨਿਦਰੇਸ਼ਾਂ ਤੇ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਹਾਥੀ ਗੇਟ ਦੇ ਐਨ ਸੀ ਸੀ ਕੈਡੇਟਾਂ ਵਲੋਂ ਸਥਾਨਕ ਹਾਲ ਗੇਟ ਤੋਂ ਪਾਰਟੀਸ਼ਨ ਮਿਊਜ਼ਿਅਮ ਤੱਕ ਵੋਟਰ ਜਾਗਰੂਕਤਾ ਮਾਰਚ ਕੱਢਿਆ ਗਿਆ।ਇਸ ਮਾਰਚ ਦੌਰਾਨ ਕੈਡੇਟਾਂ ਵਲੋਂ ਰਸਤੇ ਵਿੱਚ ਆਉਣ ਵਾਲੇ ਦੁਕਾਨਦਾਰਾਂ ਅਤੇ ਵਸਨੀਕਾਂ ਨੂੰ ਵੋਟ ਦੇ ਅਧਿਕਾਰ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡੀ.ਏ.ਵੀ. ਸਕੂਲ ਦੇ ਐਨ ਸੀ ਸੀ ਇੰਚਾਰਜ ਸ਼੍ਰੀ ਵਿਕਾਸ ਪਰਾਸ਼ਰ ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਐਨ ਸੀ ਸੀ ਵਿੰਗ ਵਲੋਂ ਵੋਟਰ ਜਾਗਰੂਕਤਾ ਲਈ ਲਗਾਤਾਰ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਦੇਸ਼ ਵਿੱਚ ਚੋਣਾਂ ਦੇ ਪਰਵ ਦਾ ਐਲਾਨ ਹੋ ਚੁੱਕਾ ਹੈ ਅਤੇ ਹੁਣ ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਇਹਨਾਂ ਚੋਣਾਂ ਵਿੱਚ ਵੱਧ ਚੜ੍ਹ ਕੇ ਭਾਗ ਲਈਏ। ਉਹਨਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵਲੋਂ ਇਸ ਵਾਰ ਬਜ਼ੁਰਗ ਅਤੇ ਦਿਵਿਆਂਗ ਵੋਟਰਾਂ ਦੀ ਸਹਾਇਤਾ ਲਈ ਕਈ ਸਹੂਲਤਾਂ ਲਈ ਦਿੱਤੀਆਂ ਜਾ ਰਹੀਆਂ ਹਨ, ਜਿਸਦਾ ਲਾਭ ਦਿਵਿਆਂਗ ਵੋਟਰ ਸਕਸ਼ਮ ਐਪ ਤੇ ਰਜਿਸਟਰੇਸ਼ਨ ਕਰਵਾ ਕੇ ਲੈ ਸਕਦੇ ਹਨ। ਉਹਨਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਜਿਲ੍ਹੇ ਦੇ ਹਰ ਪੋਲਿੰਗ ਬੂਥ ਉੱਪਰ ਰੈਂਪ ਦੀ ਸੁਵਿਧਾ ਨੂੰ ਯਕੀਨੀ ਬਣਾਇਆ ਗਿਆ ਹੈ। ਉਹਨਾਂ ਕਿਹਾ ਕਿ ਦਿਵਿਆਂਗ ਵੋਟਰ 1 ਜੂਨ 2024 ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ। ਇਸ ਮੌਕੇ ਮੁਨੀਸ਼ ਗੁਪਤਾ, ਨੋਡਲ ਅਫ਼ਸਰ ਸਵੀਪ ਸ. ਬਰਿੰਦਰਜੀਤ ਸਿੰਘ ਵੀ ਹਾਜ਼ਰ ਸਨ।

ਕਾਂਗਰਸੀ ਆਗੂ ਰਾਣਾ ਕੁਸ਼ਲਪਾਲ 100 ਸਾਥੀਆਂ ਸਮੇਤ ਹੋਏ 'ਆਪ' ਪਾਰਟੀ ਵਿੱਚ ਸ਼ਾਮਿਲ

ਚੰਡੀਗੜ੍ਹ, 26 ਮਈ -ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਨੂੰ ਉਦੋਂ ਵੱਡਾ ਬਲ ਮਿਲਿਆ ਜਦੋਂ ਯੂਥ ਕਾਂਗਰਸੀ ਆਗੂ ਰਾਣਾ ਕੁਸ਼ਲਪਾਲ ਖਿਜਰਾਬਾਦ ਨੇ 100 ਸਾਥੀਆਂ ਸਮੇਤ ਆਪ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਸਬੰਧੀ ਹਲਕਾ ਖਰੜ ਦੀ ਵਿਧਾਇਕ ਅਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ 'ਆਪ' ਦੇ ਯੂਥ ਆਗੂ ਸਰਪੰਚ ਗੁਰਿੰਦਰ ਸਿੰਘ ਖ਼ਿਜਰਾਬਾਦ ਦੀ ਪ੍ਰੇਰਨਾ ਨਾਲ ਰਾਣਾ ਕੁਸ਼ਲਪਾਲ, ਸਰਪੰਚ ਪ੍ਰਦੀਪ ਬਿੱਲਾ ਥਾਣਾ ਗੋਬਿੰਦਗੜ੍ਹ ਅਤੇ ਸੰਮਤੀ ਮੈਂਬਰ ਸੰਦੀਪ ਕੌਰ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਉਦਿਆ ਕਿਹਾ ਕਿ ਆਪ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਅਤੇ ਨੌਜਵਾਨਾਂ ਨੂੰ ਨੌਕਰੀਆਂ, ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਸੜਕ ਸੁਰੱਖਿਆ ਸਹਾਇਤਾ ਆਦਿ ਸ਼ੁਰੂ ਕੀਤੇ ਕਾਰਜਿਆਂ ਦੇ ਚੱਲਦਿਆਂ ਪੰਜਾਬ ਵਾਸੀ ਵਿਰੋਧੀ ਪਾਰਟੀਆਂ ਦੇ ਫੂਡ ਪ੍ਰਚਾਰ ਨੂੰ ਦਰਕਿਨਾਰ ਕਰਕੇ ਆਪ ਸਰਕਾਰ ਦੇ ਹੱਕ ਵਿੱਚ ਜੁੜਦੇ ਜਾ ਰਹੇ ਹਨ। ਇਸ ਸਦਕਾ ਜਿੱਥੇ ਦੂਜੀਆਂ ਪਾਰਟੀਆਂ ਨੂੰ ਛੱਡ ਕੇ ਬਹੁ ਗਿਣਤੀ ਆਗੂ ਮੈਂ ਬੈਠ ਕੇ ਦੇਖ ਆਪ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਉਥੇ ਮੌਜੂਦਾ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਦੇ ਵੀ ਇਦਾਂ ਦੇ ਸਹਿਯੋਗ ਸਦਕਾ ਪਾਰਟੀ ਉਮੀਦਵਾਰ ਵੱਡੀ ਗਿਣਤੀ ਵਿੱਚ ਜਿੱਤ ਪ੍ਰਾਪਤ ਕਰਨਗੇ।

ਸਰਪੰਚ ਗੁਰਿੰਦਰ ਸਿੰਘ ਨੇ ਸ਼ਾਮਿਲ ਹੋਣ ਵਾਲੇ ਇਹਨਾਂ ਆਗੂਆਂ ਦਾ ਧੰਨਵਾਦ ਕਰਦਿਆ ਕਿਹਾ ਕਿ ਜਲਦੀ ਹੀ ਇਹਨਾਂ ਨੂੰ ਪਾਰਟੀ ਵਿੱਚ ਬਣਦਾ ਯੋਗ ਸਥਾਨ ਦਿੱਤਾ ਜਾਵੇਗਾ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਲਾਕੇ ਦੇ ਹੋਰ ਵੀ ਕਈ ਦਿੱਗਜ ਆਗੂ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ।

ਵੋਟਰ ਸ਼ਨਾਖਤੀ ਕਾਰਡ ਨਾ ਹੋਣ ਦੀ ਸੂਰਤ ਵਿੱਚ ਵੋਟ ਪਾਉਣ ਲਈ ਦਿਖਾਏ ਜਾ ਸਕਦੇ ਨੇ 12 ਹੋਰ ਅਧਿਕਾਰਤ ਦਸਤਾਵੇਜ - ਜ਼ਿਲ੍ਹਾ ਚੋਣ ਅਧਿਕਾਰੀ

ਅੰਮ੍ਰਿਤਸਰ, 26 ਮਈ -ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ-2024 ਦੌਰਾਨ ਪੰਜਾਬ ਦੇ ਵੋਟਰਾਂ ਦੀ ਸਹੂਲਤ ਲਈ ਭਾਰਤ ਚੋਣ ਕਮਿਸ਼ਨ ਨੇ ਵੋਟਰਾਂ ਨੂੰ 1 ਜੂਨ, 2024 ਨੂੰ ਵੋਟ ਪਾਉਣ ਲਈ ਫੋਟੋ ਪਹਿਚਾਣ ਪੱਤਰ ਤੋਂ ਇਲਾਵਾ 12 ਹੋਰ ਅਧਿਕਾਰਤ ਦਸਤਾਵੇਜ਼ਾਂ ਨੂੰ ਪਹਿਚਾਣ ਦੇ ਸਬੂਤ ਵਜੋਂ ਮਾਨਤਾ ਦਿੱਤੀ ਹੈ। ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਇਕ ਦਸਤਾਵੇਜ਼ ਵੋਟਰ ਆਪਣੀ ਪਹਿਚਾਣ ਵੱਜੋਂ ਪੋਲਿੰਗ ਸਟੇਸ਼ਨ 'ਤੇ ਨਾਲ ਲਿਜਾ ਸਕਦਾ ਹੈ। ਇਸ ਗੱਲ ਦੀ ਜਾਣਕਾਰੀ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਘਨਸਾਮ ਥੋਰੀ ਨੇ ਦਿੱਤੀ । ਉਨ੍ਹਾਂ ਹੋਰ ਦੱਸਿਆ ਕਿ ਵੋਟਰਾਂ ਦੀ ਸਹੂਲਤਾਂ ਲਈ ਜਾਰੀ ਕੀਤੇ ਗਈ ਵੋਟਰ ਸਲਿੱਪ ਨੂੰ ਵੋਟ ਪਾਉਣ ਲਈ ਪਹਿਚਾਣ ਪੱਤਰ ਦੇ ਤੌਰ ਤੇ ਪੇਸ਼ ਨਹੀਂ ਕੀਤਾ ਜਾ ਸਕਦਾ ਹੈ

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਉਹ ਵੋਟਰ ਜੋ ਚੋਣ ਫੋਟੋ ਪਹਿਚਾਣ ਪੱਤਰ ਪੇਸ਼ ਕਰਨ ਦੇ ਯੋਗ ਨਹੀਂ ਹਨ, ਆਪਣੀ ਪਹਿਚਾਣ ਵਜੋਂ 12 ਹੋਰ ਦਸਤਾਵੇਜ਼ ਪੇਸ਼ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਅਨੁਸਾਰ ਜਿੰਨਾਂ ਵੋਟਰਾਂ ਪਾਸ ਚੋਣ ਫੋਟੋ ਪਹਿਚਾਣ ਪੱਤਰ ਨਹੀਂ ਹਨ, ਉਹ ਆਧਾਰ ਕਾਰਡ, ਮਨਰੇਗਾ ਜੱਬ ਕਾਰਡ, ਬੈਂਕਾਂ/ ਡਾਕਖਾਨੇ ਦੁਆਰਾ ਜਾਰੀ ਫੋਟੋ ਸਹਿਤ ਪਾਸਬੁੱਕ, ਕਿਰਤ ਮੰਤਰਾਲੇ ਦੀ ਸਕੀਮ ਤਹਿਤ ਜਾਰੀ ਹੈਲਥ ਸਮਾਰਟ ਕਾਰਡ, ਡਰਾਈਵਿੰਗ ਲਾਇਸੰਸ, ਪੈਨ ਕਾਰਡ, ਐਨ. ਪੀ. ਆਰ. ਅਧੀਨ ਆਰ. ਜੀ. ਆਈ. ਵਲੋਂ ਜਾਰੀ ਸਮਾਰਟ ਕਾਰਡ, ਭਾਰਤੀ ਪਾਸਪੋਰਟ, ਫੋਟੋ ਸਹਿਤ ਪੈਨਸ਼ਨ ਦਸਤਾਵੇਜ, ਕੇਂਦਰ/ਸੂਬਾ ਸਰਕਾਰਾਂ/ ਜਨਤਕ ਖੇਤਰ ਦੇ ਅਦਾਰਿਆਂ ਜਾਂ ਪਬਲਿਕ ਲਿਮਿਟਡ ਕੰਪਨੀਆਂ ਦੁਆਰਾ ਆਪਣੇ ਮੁਲਾਜ਼ਮਾਂ ਨੂੰ ਜਾਰੀ ਸਰਵਿਸ ਪਹਿਚਾਣ ਪੱਤਰ, ਐਮ.ਪੀ. ਐਮ.ਐਲ.ਏ. ਨੂੰ ਜਾਰੀ ਪਹਿਚਾਣ ਪੱਤਰ ਅਤੇ ਯੂਨੀਕ ਡਿਸਏਬਿਲਟੀ ਪਹਿਚਾਣ ਪੱਤਰ ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਲੋਂ ਜਾਰੀ ਕੀਤਾ ਹੋਵੇ, ਨੂੰ ਦਿਖਾ ਕੇ ਵੀ ਵੋਟ ਪਾ ਸਕਦੇ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 02 ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚ ਪੈਂਦੇ 9 ਵਿਧਾਨਸਭਾ ਹਲਕਿਆਂ ਵਿੱਚ 7742 ਪੁਰਸ਼ 5843 ਔਰਤਾਂ ਪੀਡਬਲਿਊਡੀ (ਦਿਵਿਆਗ ਵੋਟਰ) ਹਨ ਅਤੇ 85 ਸਾਲ ਤੋਂ ਵੱਧ ਉਮਰ ਵਾਲੇ 14663 ਵੋਟਰ ਹਨ। ਇਨ੍ਹਾਂ ਦੀ ਸਹੂਲਤ ਲਈ ਬੀ.ਐਲ.ਓਜ਼ ਦੇ ਸਹਿਯੋਗ ਨਾਲ ਘਰ ਵਿੱਚ ਰਹਿ ਕੇ ਵੋਟ ਪਾਉਣ ਸਬੰਧੀ ਫਾਰਮ ਨੰਬਰ 12 ਡੀ ਫਾਰਮ ਮੁਹੱਈਆ ਕਰਵਾਏ ਜਾ ਰਹੇ ਹਨ । ਉਨ੍ਹਾਂ ਹੋਰ ਸਪੱਸ਼ਟ ਕੀਤਾ ਕਿ ਜੇ ਪੀ.ਡਬਲਿਊ.ਡੀ (ਦਿਵਿਆਂਗ ਵੋਟਰ) ਜਾਂ 85 ਸਾਲ ਤੋਂ ਵੱਧ ਉਮਰ ਵਾਲਾ ਵੋਟਰ ਫਾਰਮ ਨੰ. 12 ਡੀ ਭਰ ਕੇ ਦੇਵੇਗਾਂ, ਉਹ 01 ਜੂਨ 2024 ਨੂੰ ਪੋਲਿੰਗ ਸਟੇਸ਼ਨ 'ਤੇ ਵੋਟ ਨਹੀਂ ਪਾ ਸਕਣਗੇ।

ਪਟਿਆਲਾ ਲੋਕ ਸਭਾ ਹਲਕੇ 'ਚ ਲਾਗੂ ਹੋਵੇਗਾ ਜ਼ੀਰਕਪੁਰ ਦਾ ਵਿਕਾਸ ਮਾਡਲ : ਐਨ.ਕੇ. ਸ਼ਰਮਾ

ਜ਼ੀਰਕਪੁਰ, 26 ਮਈ -ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ.ਸ਼ਰਮਾ ਨੇ ਕਿਹਾ ਹੈ ਕਿ ਚੋਣਾਂ ਜਿੱਤਣ ਤੋਂ ਬਾਅਦ ਪੂਰੇ ਲੋਕ ਸਭਾ ਹਲਕੇ ਵਿੱਚ ਜ਼ੀਰਕਪੁਰ ਦਾ ਵਿਕਾਸ ਮਾਡਲ ਲਾਗੂ ਕੀਤਾ ਜਾਵੇਗਾ। ਐਨ. ਕੇ. ਸ਼ਰਮਾ ਚੋਣ ਪ੍ਰਚਾਰ ਮੁਹਿੰਮ ਦੌਰਾਨ ਜ਼ੀਰਕਪੁਰ ਹਲਕੇ ਦੇ ਲੋਕਾਂ ਦੀ ਜਨਸਭਾ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪ੍ਰਨੀਤ ਕੌਰ ਅਤੇ ਧਰਮਵੀਰ ਗਾਂਧੀ ਦੇ ਕਾਰਜਕਾਲ ਦੌਰਾਨ ਜ਼ੀਰਕਪੁਰ ਅਤੇ ਡੇਰਾਬੱਸੀ ਖੇਤਰ ਵਿੱਚ ਸ਼ੁਰੂ ਕੀਤੀਆਂ ਕਈ ਸਕੀਮਾਂ ਅਜੇ ਵੀ ਅਧੂਰੀਆਂ ਹਨ। ਇਹੀ ਕਾਰਨ ਹੈ ਕਿ ਦੋਵੇਂ ਆਗੂ ਇੱਥੋਂ ਦੇ ਉਨ੍ਹਾਂ ਇਲਾਕਿਆਂ ਵਿੱਚ ਚੋਣ ਪ੍ਰਚਾਰ ਲਈ ਨਹੀਂ ਗਏ ਜਿੱਥੇ ਇਹ ਸਕੀਮਾਂ ਲਟਕ ਰਹੀਆਂ ਹਨ।

ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਜ਼ੀਰਕਪੁਰ ਨਗਰ ਕੌਂਸਲ ਦਾ ਪ੍ਰਧਾਨ ਅਤੇ ਮੁਹਾਲੀ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਹੁੰਦਿਆਂ ਇੱਥੇ ਦਰਜਨਾਂ ਵਿਕਾਸ ਪ੍ਰਾਜੈਕਟ ਲਾਗੂ ਕੀਤੇ ਹਨ। ਪ੍ਰਨੀਤ ਕੌਰ ਅਤੇ ਗਾਂਧੀ ਜੋਕਰ ਵਿਕਾਸ ਦੇਖਣਾ ਚਾਹੁੰਦੇ ਹਨ ਤਾਂ ਉਹ ਜ਼ੀਰਕਪੁਰ ਅਤੇ ਮੋਹਾਲੀ ਵਿੱਚ ਦੇਖਣ।

ਸ਼ਰਮਾ ਨੇ ਕਿਹਾ ਕਿ ਪ੍ਰਨੀਤ ਕੌਰ ਜਾਂ ਗਾਂਧੀ ਦੀ ਆਮ ਸਮਝ ਇੰਨੀ ਕਮਜ਼ੋਰ ਹੈ ਕਿ ਉਹ ਉਨ੍ਹਾਂ ਨੂੰ ਬਾਹਰੀ ਆਖਦੇ ਰਹੇ ਹਨ ਪਰ ਉਹ ਭੁੱਲ ਰਹੇ ਹਨ ਕਿ ਜ਼ੀਰਕਪੁਰ ਪਟਿਆਲਾ ਲੋਕ ਸਭਾ ਦਾ ਮੁੱਖ ਹਿੱਸਾ ਹੈ ਅਤੇ ਇਸਦਾ ਵਿਕਾਸ ਅਕਾਲੀ ਦਲ ਦੀ ਸਰਕਾਰ ਵੇਲੇ ਹੋਇਆ ਹੈ। ਸ਼ਰਮਾ ਨੇ ਕਿਹਾ ਕਿ ਧਰਮਵੀਰ ਗਾਂਧੀ ਪੰਜ ਸਾਲ ਲੋਕ ਸਭਾ ਵਿੱਚ ਚੁੱਪ-ਚਾਪ ਬੈਠ ਕੇ ਹੀ ਸਮਾਂ ਬਿਤਾਉਂਦੇ ਰਹੇ ਅਤੇ ਕਦੇ ਵੀ ਇਸ ਖੇਤਰ ਵਿੱਚ ਨਹੀਂ ਆਏ। ਪ੍ਰਨੀਤ ਕੌਰ ਨੇ ਆਪਣੇ ਏਜੰਟ ਦੀਪਿੰਦਰ ਢਿੱਲੋਂ ਰਾਹੀਂ ਨੀਂਹ ਪੱਥਰ ਰਖਵਾਏ ਗਏ ਸਨ, ਉਹ ਅਜੇ ਵੀ ਅਧੂਰੇ ਪਏ ਹਨ।

ਅੱਜ ਪ੍ਰਨੀਤ ਕੌਰ ਕਿਹੜੇ ਮੂੰਹ ਨਾਲ ਵੋਟ ਮੰਗ ਰਹੀ ਹਨ। ਸ਼ਰਮਾ ਨੇ ਹਾਜ਼ਰ ਇਕੱਠ ਨੂੰ ਅਪੀਲ ਕੀਤੀ ਇਸ ਇਲਾਕੇ ਦੇ ਵਿਕਾਸ ਲਈ ਉਹ ਲੋਕ ਸਭਾ ਚੋਣਾਂ ਵਿੱਚ ਕੰਮ ਅਤੇ ਕਿਰਦਾਰ ਨੂੰ ਦੇਖਦੇ ਹੋਏ ਅਕਾਲੀ ਦਲ ਨੂੰ ਵੋਟ ਦੇਣ। ਇਸ ਤੋਂ ਬਾਅਦ ਇੱਥੇ ਪਹਿਲਾਂ ਵਾਂਗ ਵਿਕਾਸ ਕਾਰਜ ਕਰਵਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨਪਾਲ ਸ਼ਰਮਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ .....ਕੁਲਵਿੰਦਰ ਸਿੰਘ ਸੋਹੀ, ਕੌਂਸਲਰ ਤੇਜੀ ਸੰਧੂ, ਜੈਪਾਲ ਸਿੰਘ, ਯਾਦਵਿੰਦਰ ਸ਼ਰਮਾ, ਜਗਦੇਵ ਸਿੰਘ, ਮਨਦੀਪ ਸੈਣੀ, ਅੰਗਰੇਜ਼ ਸਿੰਘ, ਮਨੀਸ਼ਾ ਮਲਿਕ ਸਮੇਤ ਵੱਡੀ ਗਿਣਤੀ ਵਿੱਚ ਜ਼ੀਰਕਪੁਰ ਵਾਸੀ ਹਾਜ਼ਰ ਸਨ।

ਪਾਵਰਕਾਮ ਦੀ ਅਣਗਹਿਲੀ ਬਣ ਸਕਦੀ ਹੈ ਹਾਦਸੇ ਦਾ ਕਾਰਨ

ਜ਼ੀਰਕਪੁਰ, 26 ਮਈ -ਕੌਮੀ ਪੱਤ੍ਰਿਕਾ ਬਿਊਰੋ-

ਸਿਸਟਮ ਸੁਧਾਰਨ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲਾ ਪਾਵਰਕਾਮ ਸ਼ਹਿਰ 'ਚ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ। ਸ਼ਹਿਰ ਵਿੱਚ ਨੀਵੀਆਂ ਬਿਜਲੀ ਦੀਆਂ ਤਾਰਾਂ ਨੰਗੇ ਬਿਜਲੀ ਦੇ ਜੋੜ ਜਾਨਲੇਵਾ ਸਾਬਤ ਹੋ ਰਹੇ ਹਨ। ਇਸ ਸਬੰਧੀ ਪਾਵਰਕਾਮ ਦੇ ਅਧਿਕਾਰੀ ਗੰਭੀਰ ਨਹੀਂ ਹਨ ਜੋ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੇ। ਸਥਾਨਕ ਜਰਨੈਲ ਇੰਕਲੇਵ ਦੇ ਵਸਨੀਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਰ 'ਚ ਪਾਵਰਕਾਮ ਦੀ ਅਣਗਹਿਲੀ ਕਿਸੇ ਵੇਲੇ ਵੀ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ, ਕਿਉਂਕਿ ਇਲਾਕੇ ਵਿਚ ਬਿਜਲੀ ਦੀਆਂ ਨੀਵੀਆਂ ਤਾਰਾਂ ਤੇ ਨੰਗੇ ਜੋੜ ਹਾਦਸਿਆਂ ਨੂੰ ਸੱਦਾ ਦਿੰਦੇ ਹੋਏ ਆਮ ਵੇਖੇ ਜਾ ਸਕਦੇ ਹਨ। ਜਿਸ ਕਾਰਨ ਇਲਾਕਾ ਵਾਸਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਸਨੀਕਾਂ ਨੇ ਦੱਸਿਆ ਕਿ ਲੋਕਾਂ ਤੋਂ ਸਰਕਾਰ ਨੂੰ ਟੈਕਸ ਦੇ ਰੂਪ 'ਚ ਮੋਟੀ ਆਮਦਨ ਹੋਣ ਦੇ ਬਾਵਜੂਦ ਸਹੂਲਤਾਂ ਦੀ ਘਾਟ ਹੈ। ਬੀਤੇ ਸਮੇਂ ਦੌਰਾਨ ਪਾਵਰਕਾਮ ਦੀ ਅਣਗਹਿਲੀ ਕਾਰਨ ਸ਼ਹਿਰ 'ਚ ਕਈ ਥਾਵਾਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਚੁੱਕਿਆ ਹਨ, ਜਿਨ੍ਹਾਂ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਸਪਾਰਕਿੰਗ ਤੇ ਸ਼ਾਰਟ ਸਰਕਟ ਕਾਰਨ ਲੱਗੀ ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਗੇਡ ਨੂੰ ਬੁਲਾਉਣਾ ਪੈਂਦਾ ਹੈ। ਘਰਾਂ ਦੇ ਨਜ਼ਦੀਕ ਸੜਕਾਂ ਕਿਨਾਰੇ ਤਾਰਾਂ ਦੇ ਜੰਜਾਲ ਹਨ, ਜਿਥੇ ਰੂਟੀਨ 'ਚ ਸਪਾਰਕਿੰਗ ਹੁੰਦੀ ਦੇਖਣ ਨੂੰ ਮਿਲਦੀ ਹੈ, ਮੋਟੀ ਟੈਕਸ ਅਦਾਇਗੀ ਕਰਨ ਵਾਲੇ ਵਸਨੀਕਾਂ ਨੂੰ ਅੱਗ ਲੱਗਣ ਦਾ ਡਰ ਰਹਿੰਦਾ ਹੈ, ਕਿਉਂਕਿ ਇਥੇ ਖਤਰਿਆਂ ਦਾ ਸਾਇਆ ਹੈ। ਬਾਜ਼ਾਰਾਂ ਨਾਲ ਸਬੰਧਤ ਦੁਕਾਨਦਾਰ ਐਸੋਸੀਏਸ਼ਨਾਂ ਵੱਲੋਂ ਪਾਵਰਕਾਮ ਨੂੰ ਸ਼ਿਕਾਇਤਾਂ ਕਰਨ 'ਤੇ ਵੀ ਮਸਲੇ ਦਾ ਹੱਲ ਨਹੀਂ ਹੋ ਪਾ ਰਿਹਾ ਹੈ। ਲੋਕਾਂ ਵਲੋਂ ਦੱਸੀਆਂ ਗਈਆਂ ਸਮੱਸਿਆਵਾਂ ਕਰਨ 'ਤੇ ਵੀ ਮਸਲੇ ਦਾ ਹੱਲ ਨਹੀਂ ਹੋ ਪਾ ਰਿਹਾ ਹੈ। ਲੋਕਾਂ ਵੱਲੋਂ ਦੱਸੀ ਗਈ ਸਮੱਸਿਆਵਾਂ 'ਤੇ ਇਲਾਕਿਆਂ ਦਾ ਮੌਕਾ ਮੁਆਇਨਾ ਕੀਤਾ ਗਿਆ ਤਾਂ ਦੇਖਣ 'ਚ ਆਇਆ ਕਿ ਜਗ੍ਹਾ-ਜਗ੍ਹਾ ਤਾਰਾਂ ਦੇ ਗੁੱਛੇ ਲਟਕੇ ਹੋਏ ਹਨ। ਸਥਾਨਕ ਵਸਨੀਕ ਦੱਸਦੇ ਹਨ ਕਿ ਕਈ ਵਾਰ ਹਾਲਾਤ ਇੰਨੇ ਖਰਾਬ ਹੋ ਜਾਂਦੇ ਹਨ ਕਿ ਪਾਵਰਕੌਮ ਦੇ ਕਰਮਚਾਰੀਆਂ ਨੂੰ ਖਰਾਬ ਤਾਰ ਲੱਭਣ 'ਚ ਬਹੁਤ ਸਮਾਂ ਲੱਗ

ਖੁਸ਼ੀਆਂ ਵਿਚਾਲੇ ਪਏ ਵੈਣ, ਵਿਦੇਸ਼ ਜਾਣ ਤੋਂ ਇਕ ਦਿਨ ਪਹਿਲਾਂ ਨੌਜਵਾਨ ਪੁੱਤ ਦੀ ਮੌਤ

ਗੁਰਦਾਸਪੁਰ 26 ਮਈ। ਅਣਪਛਾਤੇ ਕਾਰ ਚਾਲਕ ਵੱਲੋਂ ਮੋਟਰਸਾਈਕਲ ਚਾਲਕ ਨੂੰ ਟੱਕਰ ਮਾਰਨ 'ਤੇ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ 'ਤੇ ਪੁਲਸ ਸਟੇਸ਼ਨ ਕਾਹਨੂੰਵਾਨ ਨੇ ਅਣਪਛਾਤੇ ਕਾਰ ਚਾਲਕ ਖਿ?ਲਾਫ ਦੇ ਧਾਰਾ 304ਏ,279,337,338,427 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਦੱਸਣਯੋਗ ਹੈ ਕਿ ਮ੍ਰਿਤਕ ਨੇ 24 ਮਈ ਨੂੰ ਵਿਦੇਸ਼ ਆਸਟ੍ਰੇਲੀਆ ਜਾਣਾ ਸੀ। ਪੁਲਸ ਨੂੰ ਦਿੱਤੇ ਬਿਆਨਾਂ 'ਚ ਸਵਰਨ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਕਾਹਨੂੰਵਾਨ ਨੇ ਦੱਸਿਆ ਕਿ ਉਸ ਦਾ ਜਵਾਈ ਬਿਕਰਮ ਸਿੰਘ ਪੁੱਤਰ ਕੈਪਟਨ ਸਾਗਰ ਸਿੰਘ ਜਿਸ ਨੇ 24-5-24 ਨੂੰ ਵਿਦੇਸ਼ ਆਸਟ੍ਰੇਲੀਆ ਜਾਣਾ ਸੀ, ਜੋ ਮਿਤੀ 23-5-24 ਨੂੰ ਕਰੀਬ 5 ਵਜੇ ਸ਼ਾਮ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਾਜ਼ਾਰ ਕਾਹਨੂੰਵਾਨ ਕੁਝ ਨਿੱਜੀ ਸਾਮਾਨ ਲੈ ਕੇ ਘਰ ਵਾਪਸ ਆ ਰਿਹਾ ਸੀ ਤਾਂ ਪਿੰਡ ਵੜੈਚ ਮੋੜ ਸਿੰਘ ਸਰਵਿਸ ਸਟੇਸ਼ਨ ਨੇੜੇ ਸਾਹਮਣੇ ਤੋਂ ਇਕ ਚਿੱਟੇ ਰੰਗ ਦੀ ਕਾਰ ਚਾਲਕ ਨੇ ਗਲਤ ਸਾਇਡ ਤੋਂ ਲਿਆ ਕੇ ਮੋਟਰਸਾਈਕਲ ਵਿਚ ਮਾਰੀ ਦਿੱਤੀ । ਜਿਸ ਨਾਲ ਕਾਰ ਉਸ ਦੇ ਜਵਾਈ ਬਿਕਰਮ ਸਿੰਘ ਨੂੰ ਸੜਕ ਤੇ ਘੜੀਸਦੀ ਹੋਈ ਦੂਜੀ ਸਾਇਡ ਲੈ ਗਈ । ਇਸ ਦੌਰਾਨ ਬਿਕਰਮ ਦੀ ਪੱਕੀ ਸੜਕ 'ਤੇ ਡਿੱਗਣ ਕਰਕੇ ਸਿਰ ਵਿਚ ਗੰਭੀਰ ਸੱਟ ਲੱਗ ਗਈ ਅਤੇ ਮੌਕੇ 'ਤੇ ਹੀ ਮੌਤ ਹੋ ਗਈ। ਦੂਜੇ ਪਾਸੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਸਵਰਨ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ ਦੇ ਖਿ?ਲਾਫ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਘਰ ਦੇ ਚੁੱਲ੍ਹੇ 'ਚੋਂ ਨਿਕਲੀ ਚੰਗਿਆੜੀ ਨੇ ਮਚਾਇਆ ਤਾਂਡਵ, ਪੂਰਾ ਘਰ ਸੜ ਕੇ ਸੁਆਹ

ਫਿਲੌਰ 26 ਮਈ। ਘਰ ਦੇ ਚੁੱਲ੍ਹੇ 'ਚੋਂ ਨਿਕਲੀ ਇਕ ਚੰਗਿਆੜੀ ਨੇ ਪੂਰੇ ਘਰ ਨੂੰ ਸਾੜ ਕੇ ਸੁਆਹ ਕਰ ਦਿੱਤਾ। ਘਰ ਦੇ ਮਾਲਕ ਨੇ ਦੱਸਿਆ ਕਿ ਇਸ ਅੱਗ ਲੱਗਣ ਦੀ ਘਟਨਾ 'ਚ ਉਨ੍ਹਾਂ ਦੇ ਘਰ 'ਚ ਪਏ 85000 ਰੁਪਏ ਦੀ ਨਕਦੀ, 1 ਮੋਟਸਾਈਕਲ ਅਤੇ ਸੋਨੇ-ਚਾਂਦੀ ਕੇ ਗਹਿਣੇ ਸੜ ਕੇ ਸੁਆਹ ਹੋ ਗਏ, ਜਿਸ ਵਿਚ ਉਨ੍ਹਾਂ ਦਾ 8 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਫਾਇਰ ਬ੍ਰਿਗੇਡ ਵਿਭਾਗ ਦੀਆਂ 2 ਗੱਡੀਆਂ ਨੇ ਇਕ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਸੂਚਨਾ ਮੁਤਾਬਕ ਅੱਜ ਸਵੇਰੇ ਨੇੜਲੇ ਪਿੰਡ ਸੇਲਕਿਆਣਾ ਦੇ ਰਹਿਣ ਵਾਲੇ ਚੌਧਰੀ ਮੁਹੰਮਦ ਪ੍ਰਧਾਨ ਨੇ ਦੱਸਿਆ ਕਿ ਸਵੇਰੇ ਉੱਠ ਕੇ ਉਨ੍ਹਾਂ ਦੇ ਪਰਿਵਾਰ ਦੀਆਂ ਔਰਤਾਂ ਨੇ ਰੋਜਾਨਾ ਵਾਂਗ ਖਾਣਾ ਬਣਾਇਆ। ਖਾਣਾ ਖਾਣ ਤੋਂ ਬਾਅਦ ਉਹ ਅਤੇ ਪਰਿਵਾਰਕ ਮੈਂਬਰ ਕੰਮ ਦੇ ਸਿਲਸਿਲੇ 'ਚ ਘਰ ਬੰਦ ਕਰ ਕੇ ਚਲੇ ਗਏ। ਕੁਝ ਦੇਰ ਬਾਅਦ ਹੀ ਉਨ੍ਹਾਂ ਨੂੰ ਪਿੰਡ ਵਾਸੀਆਂ ਦਾ ਫੋਨ ਆਇਆ ਕਿ ਉਨ੍ਹਾਂ ਦੇ ਘਰ 'ਚੋਂ ਅੱਗ ਦੇ ਭਾਂਬੜ ਨਿਕਲ ਰਹੇ ਹਨ। ਉਹ ਜਿਉਂ ਹੀ ਵਾਪਸ ਆਏ ਤਾਂ ਮੰਜਰ ਦੇਖ ਕੇ ਦੰਗ ਰਹਿ ਗਏ। ਅੱਗ ਨੇ ਹਰ ਪਾਸਿਓਂ ਉਨ੍ਹਾਂ ਦੇ ਘਰ ਨੂੰ ਘੇਰਿਆ ਹੋਇਆ ਸੀ। ਉਨ੍ਹਾਂ ਨੇ ਤੁਰੰਤ ਮਦਦ ਲਈ ਫਾਇਰ ਬ੍ਰਿਗੇਡ ਵਿਭਾਗ ਨੂੰ ਸੂਚਿਤ ਕੀਤਾ, ਜਿਸ 'ਤੇ ਵਿਭਾਗ ਦੀਆਂ 2 ਗੱਡੀਆਂ ਮੌਕੇ 'ਤੇ ਪੁੱਜ ਗਈਆਂ ਪਰ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਗੱਡੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਪੂਰਾ ਘਰ ਰਾਖ 'ਚ ਬਦਲ ਗਿਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਆਲਮ ਇਹ ਹੈ ਕਿ ਉਨ੍ਹਾਂ ਦੇ ਘਰ 'ਚ ਅੱਗ ਨੇ ਨਾ ਤਾਂ ਉਨ੍ਹਾਂ ਦੇ ਖਾਣ ਲਈ ਆਟਾ ਛੱਡਿਆ ਅਤੇ ਉੱਥੇ ਪਿਆ ਮੱਝਾਂ ਦਾ ਚਾਰਾ ਵੀ ਸੜ ਕੇ ਸੁਆਹ ਹੋ ਗਿਆ।

ਲੰਮੇ ਸਮੇਂ ਮਗਰੋਂ ਗੁਰਦਾਸਪੁਰ ਸੀਟ 'ਤੇ ਸਥਾਨਕ ਚਿਹਰਿਆਂ ਵਿਚਾਲੇ ਹੋਵੇਗੀ ਟੱਕਰ

ਕਿਸ਼ਨ ਪਾਲ

ਗੁਰਦਾਸਪੁਰ 26 ਮਈ। ਦੇਸ਼ ਵਿਚ ਜਾਰੀ ਲੋਕ ਸਭਾ ਚੋਣਾਂ ਤਹਿਤ ਪੰਜਾਬ ਵਿਚ ਆਖਰੀ ਪੜਾਅ ਤਹਿਤ 1 ਜੂਨ ਨੂੰ ਵੋਟਿੰਗ ਹੋਣ ਜਾ ਰਹੀ ਹੈ। ਪੈਰਾਸ਼ੂਟ ਐਂਟਰੀਆਂ ਅਤੇ ਵੱਡੇ ਸਟਾਰਾਂ ਦੇ ਚੋਣ ਲੜਣ ਕਾਰਨ ਹਾਟ ਸੀਟ ਵਜੋਂ ਜਾਣੀ ਜਾਂਦੀ ਇਸ ਸੀਟ 'ਤੇ ਲੰਮੇ ਸਮੇਂ ਮਗਰੋਂ ਸਾਰੀਆਂ ਪਾਰਟੀਆਂ ਨੇ ਸਥਾਨਕ ਆਗੂਆਂ 'ਤੇ ਹੀ ਭਰੋਸਾ ਜਤਾਇਆ ਹੈ। ਭਾਜਪਾ ਨੇ ਜਿੱਥੇ ਮੌਜੂਦਾ ਸੰਸਦ ਮੈਂਬਰ ਅਤੇ ਬਾਲੀਵੁੱਡ ਸਟਾਰ ਸੰਨੀ ਦਿਓਲ ਦੀ ਟਿਕਟ ਕੱਟ ਕੇ ਦਿਨੇਸ਼ ਬੱਬੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਤਾਂ ਕਾਂਗਰਸ ਨੇ ਆਪਣੇ ਸੀਨੀਅਰ ਲੀਡਰ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਮੀਦਵਾਰ ਐਲਾਨਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਡਾ. ਦਲਜੀਤ ਚੀਮਾ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਬਟਾਲਾ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਟਿਕਟ ਦਿੱਤੀ ਹੈ। ਬਹੁਜਨ ਸਮਾਜ ਪਾਰਟੀ ਵੱਲੋਂ ਵੀ ਰਾਜ ਕੁਮਾਰ ਜਨੋਤਰਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇਸ ਵਾਰ ਦੀਆਂ ਚੋਣਾਂ ਵਿਚ ਖਾਸ ਗੱਲ ਇਹ ਹੈ ਕਿ ਸਾਰੀਆਂ ਹੀ ਪਾਰਟੀਆਂ ਨੇ ਵੱਡੇ ਚਿਹਰਿਆਂ ਦੀ ਬਜਾਏ ਸਥਾਨਕ ਚਿਹਰਿਆਂ ਨੂੰ ਤਰਜੀਹ ਦਿੱਤੀ ਹੈ। ਜੇਕਰ ਪਿਛਲੇ 26 ਸਾਲਾਂ ਦੇ ਇਤਿਹਾਸ 'ਤੇ ਇਕ ਝਾਤ ਮਾਰੀ ਜਾਵੇ ਤਾਂ ਇੱਥੋਂ ਬਾਹਰੀ ਲੀਡਰਾਂ ਜਾਂ ਫਿ?ਲਮੀ ਸਿਤਾਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਂਦਾ ਰਿਹਾ ਹੈ, ਪਰ ਇਸ ਵਾਰ ਸਾਰੀਆਂ ਪਾਰਟੀਆਂ ਨੇ ਹੀ ਇੱਥੋਂ ਦੇ ਹੀ ਰਹਿਣ ਵਾਲੇ ਲੀਡਰਾਂ 'ਤੇ ਭਰੋਸਾ ਜਤਾਇਆ ਹੈ। ਭਾਜਪਾ ਦੇ ਉਮੀਦਵਾਰ ਦਿਨੇਸ਼ ਬੱਬੂ

ਸੁਜਾਨਪੁਰ ਵਿਧਾਨ ਸਭਾ ਹਲਕੇ ਨਾਲ ਸਬੰਧਤ ਹਨ। ਡਾ. ਦਲਜੀਤ ਸਿੰਘ ਚੀਮਾ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਸ੍ਰੀ ਹਰਗੋਬਿੰਦਪੁਰ ਦੇ ਹੀ ਜੰਮਪਲ ਹਨ। ਸ਼ੈਰੀ ਕਲਸੀ ਬਟਾਲਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਦੇ ਮੌਜੂਦਾ ਵਿਧਾਇਕ ਹਨ। ਗੁਰਦਾਸਪੁਰ ਲੋਕ ਸਭਾ ਸੀਟ ਦੇ ਅਧੀਨ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚੋਂ 6 'ਤੇ ਕਾਂਗਰਸ ਦੇ ਵਿਧਾਇਕ ਕਾਬਜ ਹਨ। ਦੂਜੇ ਪਾਸੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਇੱਥੋਂ ਹੀ 2017 ਵਿਚ ਹੋਈ ਜਿ?ਮਨੀ ਚੋਣ ਕਾਂਗਰਸ ਵੱਲੋਂ ਜਿੱਤ ਕੇ ਲੋਕ ਸਭਾ ਦੀਆਂ ਪੌੜੀਆਂ ਚੜ੍ਹੇ ਸਨ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਗੁਰਦਾਸਪੁਰ ਦੇ ਅਧੀਨ ਪੈਂਦੇ ਪਠਾਨਕੋਟ ਹਲਕੇ ਤੋਂ ਵਿਧਾਇਕ ਹਨ। ਉੱਥੇ ਹੀ ਕਾਂਗਰਸ ਨੇ ਗੁਰਦਾਸਪੁਰ ਹਲਕੇ ਅਧੀਨ ਪੈਂਦੀ ਡੇਰਾ ਬਾਬਾ ਨਾਨਕ ਸੀਟ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਅਤੇ ਆਮ ਆਦਮੀ ਪਾਰਟੀ ਨੇ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਇਸ ਵਾਰ ਲੋਕ ਸਭਾ ਦਾ ਉਮੀਦਵਾਰ ਐਲਾਨਿਆ ਹੈ। ਗੁਰਦਾਸਪੁਰ ਹਲਕੇ ਦੇ ਇਤਿਹਾਸ ਤੇ ਜੇਕਰ ਇਕ ਝਾਤ ਮਾਰੀਏ ਤਾਂ 1952 ਕੋਂ ਲੈ ਕੇ 1976 ਤਕ ਇਹ ਕਾਂਗਰਸ ਦਾ ਗੜ੍ਹ ਰਿਹਾ। ਇੱਥੋਂ 1952 ਵਿਚ ਤੇਜਾ ਸਿੰਘ ਅਕਰਪੁਰੀ, 1957, 1962 ਅਤੇ 1967 ਵਿਚ ਦੀਵਾਨ ਚੰਦ ਸ਼ਰਮਾ ਅਤੇ 1968 (ਜਿ?ਮਨੀ ਚੋਣ) ਤੇ 1971 ਵਿਚ ਪ੍ਰਬੋਧ ਚੰਦਰ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ ਪਾਉਂਦੇ ਰਹੇ ਹਨ। 1977 ਵਿਚ ਜਨਤਾ ਪਾਰਟੀ ਦੇ ਯਗਯ ਦੱਤ ਸ਼ਰਮਾ ਨੇ ਪਹਿਲੀ ਵਾਰ ਇੱਥੋਂ ਕਾਂਗਰਸ ਨੂੰ ਸ਼ਿਕਸਤ ਦਿੱਤੀ। ਪਰ ਉਸ ਮਗਰੋਂ ਸੁਖਬੰਸ ਕੌਰ ਨੇ 1980 ਤੋਂ ਲੈ ਕੇ 1996 ਤਕ ਲਗਾਤਾਰ 5 ਵਾਰ ਇਹ ਸੀਟ ਕਾਂਗਰਸ ਦੀ ਝੋਲੀ ਪਾਈ। ਇਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵੱਲੋਂ ਇੱਥੋਂ ਬਾਲੀਵੁੱਡ ਦੇ ਦਿੱਗਜ ਅਦਾਕਾਰ ਵਿਨੋਦ ਖੰਨਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ। ਵਿਨੋਦ ਖੰਨਾ 1998, 1999 ਅਤੇ 2004 ਵਿਚ ਲਗਾਤਾਰ 3 ਵਾਰ ਇੱਥੋਂ ਸੰਸਦ ਮੈਂਬਰ ਬਣੇ। 2009 ਵਿਚ ਕਾਂਗਰਸੀ ਉਮੀਦਵਾਰ ਪ੍ਰਤਾਪ ਸਿੰਘ ਬਾਜਵਾ ਇੱਥੋਂ ਜੇਤੂ ਰਹੇ ਤਾਂ 2014 ਵਿਚ ਇਕ ਵਾਰ ਫਿ?ਰ ਵਿਨੋਦ ਖੰਨਾ ਨੇ ਇਹ ਸੀਟ ਭਾਜਪਾ ਦੀ ਝੋਲੀ ਪਾਈ। 2017 ਵਿਚ ਉਨ੍ਹਾਂ ਦੇ ਦੇਹਾਂਤ ਮਗਰੋਂ ਹੋਈਆਂ ਜਿ?ਮਨੀ ਚੋਣਾਂ ਵਿਚ ਕਾਂਗਰਸ ਵੱਲੋਂ ਸੁਨੀਲ ਜਾਖੜ ਜੇਤੂ ਰਹੇ। 2 ਸਾਲ ਮਗਰੋਂ ਭਾਜਪਾ ਨੇ ਇਕ ਵਾਰ ਫਿ?ਰ ਬਾਲੀਵੁੱਡ ਦੇ ਸਿਤਾਰੇ 'ਤੇ ਹੀ ਦਾਅ ਖੇਡਿਆ।

ਨਾਜਾਇਜ਼ ਬਿਲਡਿੰਗ ਨੂੰ ਸੀਲ ਕਰਨ ਦੇ ਮਾਮਲੇ 'ਚ ਇੰਸਪੈਕਟਰ ਨੇ ਅਧਿਕਾਰੀਆਂ ਦੀਆਂ ਅੱਖਾਂ 'ਚ ਪਾਈ ਧੂੜ

ਲੁਧਿਆਣਾ 26 ਮਈ। ਨਗਰ ਨਿਗਮ ਦੇ ਮੁਲਾਜ਼ਮਾਂ ਵੱਲੋਂ ਨਾਜਾਇਜ਼ ਤੌਰ 'ਤੇ ਬਣ ਰਹੀਆਂ ਬਿਲਡਿੰਗਾਂ ਖਿ?ਲਾਫ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਨਾਲ ਜੁੜਿਆ ਮਾਮਲਾ ਜ਼ੋਨ-ਡੀ 'ਚ ਸਾਹਮਣੇ ਆਇਆ ਹੈ, ਜਿੱਥੇ ਆਤਮ ਪਾਰਕ ਪੁਲਸ ਚੌਕੀ ਸਾਹਮਣੇ ਅਬਦੁੱਲਾਪੁਰ ਬਸਤੀ ਇਲਾਕੇ 'ਚ ਬਿਲਡਿੰਗ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਇਸ ਬਿਲਡਿੰਗ ਦੇ ਨਿਰਮਾਣ ਲਈ ਨਗਰ ਨਿਗਮ ਤੋਂ ਨਕਸ਼ਾ ਤਾਂ ਪਾਸ ਕਰਵਾਇਆ ਗਿਆ ਹੈ ਪਰ ਬੇਸਮੈਂਟ ਦੀ ਖੁਦਾਈ ਨਿਯਮਾਂ ਮੁਤਾਬਕ ਨਹੀਂ ਕੀਤੀ ਜਾ ਰਹੀ ਹੈ, ਜਿਸ ਨੂੰ ਲੈ ਕੇ ਸ਼ਿਕਾਇਤ ਮਿਲਣ 'ਤੇ ਏ. ਟੀ. ਪੀ. ਵੱਲੋਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਤੋਂ ਬਾਅਦ ਇੰਸਪੈਕਟਰ ਕਿਰਨਦੀਪ ਸਿੰਘ ਵੱਲੋਂ ਬਿਲਡਿੰਗ ਨੂੰ ਸੀਲ ਕਰਨ ਦਾ ਦਾਅਵਾ ਕੀਤਾ ਗਿਆ, ਜਦਕਿ ਅਸਲੀਅਤ ਇਹ ਹੈ ਕਿ ਆਲ੍ਹਾ ਅਧਿਕਾਰੀਆਂ ਦੀਆਂ ਅੱਖਾਂ 'ਚ ਧੂੜ ਝੋਕਣ ਲਈ ਬੰਦ ਗੇਟ ਨੂੰ ਤਾਲਾ ਲਗਾ ਦਿੱਤਾ ਗਿਆ ਹੈ। ਇਸ ਸਬੰਧ ਵਿਚ ਏ. ਟੀ. ਪੀ. ਮੋਹਨ ਸਿੰਘ ਦਾ ਕਹਿਣਾ ਹੈ ਕਿ ਸਾਈਟ 'ਤੇ ਚੈਕਿੰਗ ਕਰਨ ਦੌਰਾਨ ਇੰਸਪੈਕਟਰ ਦੀ ਲਾਪ੍ਰਵਾਹੀ ਸਾਹਮਣੇ ਆਉਣ 'ਤੇ ਕਾਰਵਾਈ ਕਰਨ ਲਈ ਆਲ੍ਹਾ ਅਧਿਕਾਰੀਆਂ ਨੂੰ ਰਿਪੋਰਟ ਬਣਾ ਕੇ ਭੇਜੀ ਜਾਵੇਗੀ। ਜ਼ੋਨ-ਡੀ ਦੇ ਇੰਸਪੈਕਟਰ ਕਿਰਨਦੀਪ ਸਿੰਘ ਕੋਲ ਮਾਡਲ ਟਾਊਨ ਏਰੀਆ ਦਾ ਵੀ ਚਾਰਜ ਹੈ, ਜਿੱਥੇ 2 ਦਿਨ ਪਹਿਲਾਂ ਇੰਸਪੈਕਟਰ ਵੱਲੋਂ ਖੁਦ ਫੀਲਡ 'ਚ ਉਤਰ ਕੇ ਚੈਕਿੰਗ ਕੀਤੀ ਗਈ ਹੈ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਕਮਰਸ਼ੀਅਲ ਬਿਲਡਿੰਗਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਪਰ ਇਸ ਤਰ੍ਹਾਂ ਦੀਆਂ ਬਿਲਡਿੰਗਾਂ ਦੇ ਨਿਰਮਾਣ ਲਈ ਨਾ ਤਾਂ ਨਕਸ਼ਾ ਪਾਸ ਹੋ ਸਕਦਾ ਹੈ ਅਤੇ ਨਾ ਹੀ ਫੀਸ ਜਮ੍ਹਾ ਕਰ ਕੇ ਰੈਗੂਲਰ ਕਰਨ ਦਾ ਨਿਯਮ ਹੈ। ਭਾਵੇਂ ਇਨ੍ਹਾਂ 'ਚੋਂ ਕੁਝ ਬਿਲਡਿੰਗਾਂ 'ਤੇ ਸੀਲਿੰਗ ਅਤੇ ਤੋੜਨ ਦੀ ਕਾਰਵਾਈ ਕੀਤੀ ਗਈ ਹੈ, ਜੋ ਕੁਝ ਦੇਰ ਬਾਅਦ ਬਣ ਕੇ ਤਿਆਰ ਹੋ ਜਾਂਦੀ ਹੈ। ਇਨ੍ਹਾਂ 'ਚ ਮੁੱਖ ਤੌਰ 'ਤੇ ਇਸ਼ਮੀਤ ਚੌਕ ਤੋਂ ਕ੍ਰਿਸ਼ਨਾ ਮੰਦਰ ਤੱਕ ਜਾਣ ਵਾਲੀ ਰੋਡ 'ਤੇ 10 ਜਨਵਰੀ ਨੂੰ ਸੀਲ ਕੀਤੀ ਗਈ ਇਕ ਬਿਲਡਿੰਗ 'ਚ ਕੁਲਚਾ ਕਲਚਰ ਅਤੇ ਇਕ ਬਿਲਡਿੰਗ 'ਚ ਡਿਟੇਲਿੰਗ ਸਟੂਡੀਓ ਖੁੱਲ੍ਹ ਗਿਆ ਹੈ, ਜਿਸ ਨੂੰ ਲੈ ਕੇ ਕਮਿਸ਼ਨਰ ਵੱਲੋਂ ਏ. ਟੀ. ਪੀ. ਤੋਂ ਰਿਪੋਰਟ ਮੰਗੀ ਗਈ ਹੈ।

ਸੰਗਰੂਰ ਸੀਟ 'ਤੇ ਉਮੀਦਵਾਰਾਂ ਦੀਆਂ ਨਜਰਾਂ ਢੀਂਡਸਾ ਧੜੇ ਦੇ ਸਮਰਥਕਾਂ 'ਤੇ ਟਿਕੀਆ

ਏਜੰਸੀਆਂ

ਸ਼ੇਰਪੁਰ 26 ਮਈ। ਸੂਬੇ ਅੰਦਰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿਚ ਇੱਕ ਹਫਤੇ ਤੋਂ ਘੱਟ ਦਾ ਸਮਾਂ ਰਹਿ ਗਿਆ ਹੈ ਅਤੇ ਸੂਬੇ ਅੰਦਰ ਸੰਗਰੂਰ ਲੋਕ ਸਭਾ ਸੀਟ 'ਤੇ ਵੀ ਸਭ ਦੀ ਨਜਰ ਟਿਕੀ ਹੋਈ ਹੈ ਕਿਉਂਕਿ ਇਹ ਸੀਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਲਈ ਵੱਕਾਰ ਦਾ ਸਵਾਲ ਬਣ ਚੁੱਕੀ ਹੈ, ਜਿੱਥੇ ਭਗਵੰਤ ਮਾਨ ਇਸ ਸੀਟ ਤੋਂ 2 ਵਾਰ ਨੁਮਾਇੰਦਗੀ ਕਰ ਚੁੱਕੇ ਹਨ, ਉਥੇ ਹੁਣ ਇਸ ਸੀਟ ਵਿਚ ਪੈਂਦੇ ਵਿਧਾਨ ਸਭਾ ਹਲਕਾ ਧੂਰੀ ਤੋਂ ਐੱਮ.ਐੱਲ.ਏ ਦੀ ਚੋਣ ਜਿੱਤ ਕੇ ਮੁੱਖ ਮੰਤਰੀ ਬਣੇ ਹਨ। ਦੂਜੇ ਪਾਸੇ ਕਾਂਗਰਸ ਨੇ ਮੁੱਖ ਮੰਤਰੀ ਮਾਨ ਦੇ ਕੱਟੜ ਵਿਰੋਧੀ ਸੁਖਪਾਲ ਖਹਿਰਾ ਨੂੰ ਮੈਦਾਨ ਵਿਚ ਉਤਾਰਿਆ ਹੈ ਅਤੇ 2022 ਦੀ ਜਿ?ਮਨੀ ਚੋਣ ਜਿੱਤ ਚੁੱਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਭਾਜਪਾ ਵੱਲੋਂ ਅਰਵਿੰਦ ਖੰਨਾ, ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕਬਾਲ ਸਿੰਘ ਝੂੰਦਾਂ ਅਤੇ ਬਸਪਾ ਵੱਲੋਂ ਡਾ. ਮੱਖਣ ਸਿੰਘ ਮੈਦਾਨ ਵਿਚ ਹਨ ਪਰ ਇਸ ਸੀਟ 'ਤੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਦੀਆਂ ਨਜਰਾਂ ਇਸ ਸੀਟ 'ਤੇ ਅਹਿਮ ਸਥਾਨ ਰੱਖਣ ਵਾਲੇ ਸੁਖਦੇਵ ਸਿੰਘ ਢੀਂਡਸਾ ਅਤੇ ਪਰਮਿੰਦਰ ਸਿੰਘ ਢੀਂਡਸਾ ਦੇ ਸਮਰਥਕਾਂ ਦੀਆਂ ਵੋਟਾਂ 'ਤੇ ਟਿਕੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਪਰਮਿੰਦਰ ਸਿੰਘ ਢੀਂਡਸਾ ਨੂੰ ਟਿਕਟ ਨਹੀਂ ਦਿੱਤੀ ਜਿਸ

ਕਰਕੇ ਢੀਂਡਸਾ ਪਰਿਵਾਰ ਅਤੇ ਉਨ੍ਹਾਂ ਦੇ ਸਮਰਥਕ ਚੋਣਾਂ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ। ਭਾਂਵੇ ਢੀਂਡਸਾ ਪਿਓ-ਪੁੱਤ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਹ ਅਕਾਲੀ ਹਨ ਅਤੇ ਅਕਾਲੀ ਰਹਿਣਗੇ ਪ੍ਰੰਤੂ ਉਨ੍ਹਾਂ ਦੇ ਸਮਰਥਕ ਪਾਰਟੀ ਉਮੀਦਵਾਰ ਝੂੰਦਾਂ ਦੀ ਬੇੜੀ ਵਿਚ ਵੱਟੇ ਪਾਉਣ ਨੂੰ ਤਿਆਰ ਬੈਠੇ ਹਨ ਅਤੇ ਢੀਂਡਸਾ ਪਰਿਵਾਰ ਦੇ ਇਸ਼ਾਰੇ ਦਾ ਇੰਤਜਾਰ ਕਰ ਰਹੇ ਹਨ ਕਿ ਵੋਟਾਂ ਕਿਸ ਉਮੀਦਵਾਰ ਨੂੰ ਪਾਉਣੀਆਂ ਹਨ। ਜਿ?ਕਰਯੋਗ ਹੈ ਢੀਂਡਸਾ ਧੜੇ ਦੀ ਹਰ ਹਲ